# ਰਾਗ ਮੁਹੱਬਤ

**ਇਸੇ ਕਲਮ ਤੋਂ :-**

| | | |
|---|---|---|
| ਤ੍ਰੇਲ ਜਿਹੇ ਮੋਤੀ | (ਗ਼ਜ਼ਲ ਸੰਗ੍ਰਹਿ) | 2006 |
| ਦਿਲ ਕਰੇ ਤਾਂ ਖ਼ਤ ਲਿਖੀਂ | (ਖ਼ਤਾਂ ਦੀ ਪੁਸਤਕ) | 2010 |
| ਰਾਗ ਮੁਹੱਬਤ | (ਕਾਵਿ ਸੰਗ੍ਰਹਿ) | 2013 |

# ਰਾਗ ਮੁਹੱਬਤ

## ਕੁਲਜੀਤ ਕੌਰ ਗ਼ਜ਼ਲ

ਗੋSL ਪ੍ਰਕਾਸ਼ਨ

# Raag Muhabbat

By

**Kuljeet Kaur Gazal**

.................

**Rs. 150/-**
**2013**

**ISBN : 978-81-926686--**

**Graphics**
**Raju Somal**
Mob: 80542-09786
84271-81786

ਪਰੂਫ ਰੀਡਿੰਗ : ਅਮਰਜੀਤ ਸੋਮਲ
81463-11835

**ਪ੍ਰਕਾਸ਼ਕ**

**ਗੋਸਲ ਪ੍ਰਕਾਸ਼ਨ**

ਪਿੰਡ: ਗੋਸਲ, ਡਾਕ: ਸਹਾਰਨ ਮਾਜਰਾ
ਤਹਿ: ਪਾਇਲ, ਜ਼ਿਲ੍ਹਾ: ਲੁਧਿਆਣਾ
ਫੋਨ : 94178-81074, 99146-25574
E-mail: gosalparkashan@gmail.com
WebSite: www.gosalparkashan-com.webnode.com

All Rights are reserved. No part of this publication may be reproduced, stored in a retrieval system or transmitted in any form or by any means-mechanical, photocopying, recording or otherwise without prior written permission of the author and the publisher.

**ਸਮਰਪਣ**

ਆਪਣੇ ਪਿਆਰੇ ਪਿੰਡ
ਤਲਵੰਡੀ ਖੁੰਮਣ
ਦੀ
ਮਹਿਕਾਂ ਭਰੀ
ਮਿੱਟੀ
ਨੂੰ

## ਤਤਕਰਾ


| | | |
|---|---|---|
| ਕੁਲਜੀਤ ਕੌਰ 'ਗਜ਼ਲ' | *-ਸਰਦਾਰ ਪੰਛੀ* | 9 |
| ਬਹੁਪੱਖੀ ਕਲਮ–ਕੁਲਜੀਤ ਗ਼ਜ਼ਲ | *-ਪ੍ਰਿੰਸੀਪਲ ਅਮਰਜੀਤ ਕੌਰ 'ਨਾਜ਼'* | 11 |
| ਤ੍ਰੇਲ ਧੋਤੇ ਫੁੱਲਾਂ ਵਰਗੀ ਸ਼ਾਇਰੀ | *-ਗੁਰਚਰਨ ਕੌਰ ਕੋਚਰ* | 12 |
| ਮੇਰੀ ਗੱਲ | *-ਕੁਲਜੀਤ ਕੌਰ ਗ਼ਜ਼ਲ* | 14 |
| ਮਾਂ | ............ | 19 |
| ਤੇਰੀ ਕੁਲਜੀਤ ਹਾਂ | ............ | 21 |
| ਸੁਹਣੇ ਤੀਰਥਾਂ ਸਮਾਨ | ............ | 22 |
| ਇਹ ਆਜ਼ਾਦੀ ਹੈ ਮੇਰੀ ਦਾਦੀ ਬੁੱਢੀ ਠੇਰੀ ਹੋਈ | ............ | 24 |
| ਇੱਕ ਬੂਟਾ ਲਾਈਏ | ............ | 26 |
| ਮਾਂਵਾਂ | ............ | 27 |
| ਬਾਬਲ ਮੇਰਾ ਕਾਜ ਰਚਾਇਆ | ............ | 28 |
| ਮੈਂ ਅੱਜ ਦਾ ਦਿਨ ਤੇਰੇ ਕੋਲ ਮਾਂ | ............ | 31 |
| ਤੇਰੇ ਜਹੇ ਅਮੀਰਾਂ ਦੀ | ............ | 33 |
| ਵੇ ਡਾਕੀਆ ਡਾਕ ਵੰਡੇਦਿਆ | ............ | 34 |
| ਦੋ ਰੂਹਾਂ ਦਾ ਮੇਲ | ............ | 35 |
| ਕਦੇ ਏਦਾਂ ਨਹੀਂ ਸੀ ਹੋਇਆ | ............ | 36 |
| ਰੱਖੀਂ ਖਿਆਲ ਮੇਰਾ | ............ | 38 |
| ਦਿਲ ਲੈ ਗਿਆ | ............ | 39 |
| ਕੁੜੀਓ ਸੋਹਣਾ ਰੂਪ ਵਿਖਾਓ | ............ | 40 |
| ਰਾਤ ਚਾਨਣੀ | ............ | 41 |
| ਕੀ ਖੱਟਿਆ ਪਰਦੇਸੋਂ ਵੀਰਾ | ............ | 42 |
| ਸੰਤਰੀ ਪੱਗ ਨੇ | ............ | 43 |
| ਫੁੱਲਾਂ ਦੀ ਬਗੀਚੀ | ............ | 44 |
| ਤੁਰ ਪਰਦੇਸ ਗਿਉਂ | ............ | 45 |
| ਇਸ ਦਿਲ ਨੇ ਇਕ ਦਿਨ ਟੁੱਟਣਾ ਏ | ............ | 46 |

| | | |
|---|---|---|
| ਤੂੰ ਮੇਰੀ ਨਜ਼ਰ ਦੇ ਵਿਚ ਵੱਸ ਜਾ | ............ | 48 |
| ਅੱਖੀਆਂ ਦਾ ਕੱਜਲਾ | ............ | 49 |
| ਉਹ ਤਾਂ ਨੱਬਿਆਂ ਪਿੰਡਾਂ ਦਾ | ............ | 50 |
| ਤੂੰ ਬਾਬਲ ਕਿਉਂ ਖਿਡਾਇਆ ਸੀ | ............ | 51 |
| ਜਿੰਦ ਮੇਰੀ ਮੱਛੀ ਏ | ............ | 52 |
| ਰੱਬਾ ਵੇ ਰੱਬਾ | ............ | 53 |
| ਹਰ ਵੇਲੇ ਉਹਦਾ ਚੇਤਾ ਆਵੇ | ............ | 54 |
| ਤੇਰਾ ਇਸ਼ਕ ਨਚਾਉਂਦਾ | ............ | 55 |
| ਗਾਲਦੇ ਹੋ ਅੱਖਾਂ ਕਾਹਨੂੰ | ............ | 57 |
| ਉਹਨੂੰ ਵੇਖ ਵੇਖ | ............ | 58 |
| ਸੋਹਣੇ ਸੋਹਣੇ ਗੁੱਟਾਂ ਉੱਤੇ | ............ | 60 |
| ਕਦੇ ਤਾਂ ਸੱਜਣਾ | ............ | 61 |
| ਸਾਡਾ ਬਣ ਕੇ ਤਾਂ ਵੇਖ | ............ | 62 |
| ਛੁੱਟੀ ਕੱਟ ਫੌਜੀਆ | ............ | 63 |
| ਮੇਰਾ ਮਾਹੀ ਵਲੈਤੋਂ ਆਇਆ | ............ | 64 |
| ਏਸ ਜ਼ਮਾਨੇ ਦੇ ਮਾਪੇ | ............ | 66 |
| ਆਓ ਨੱਚੀਏ ਤੇ ਗਾਈਏ | ............ | 67 |
| ਜਾਹ ਨੀਂ ਚਿੱਠੀਏ | ............ | 69 |
| ਧੀਆਂ ਨਾ ਦੇ ਰੱਬਾ | ............ | 71 |
| ਬਿਰਹਾ ਲਿਖਣਾ ਬਿਰਹਾ ਗਾਉਣਾ | ............ | 72 |
| ਅੱਖੀਆਂ ਬੇਵੱਸ ਹੋਈਆਂ | ............ | 74 |
| ਬਿਰਹਾ ਦੀ ਅੱਗ ਬਲਦੀ | ............ | 75 |
| ਨਾ ਡੋਹਲ ਗਲੇਡੂ ਬਾਬਲਾ | ............ | 77 |
| ਲੋਕੀਂ ਨੱਚ ਨੱਚ | ............ | 79 |
| ਜਾਂਦੇ ਪਰਦੇਸੀ ਨੂੰ | ............ | 80 |
| ਕੀ ਫਾਇਦਾ | ............ | 81 |
| ਧੀਆਂ ਦੀ ਮਾਂ ਰਾਣੀ ਹੁੰਦੀ | ............ | 82 |
| ਚਿਹਰਾ ਤੇਰਾ ਗੁਲਾਬ ਜਿਹਾ | ............ | 84 |
| ਨੀਲੀਆਂ ਪੱਗਾਂ ਵਾਲੇ | ............ | 85 |
| ਖੁੱਲ੍ਹਾ ਖ਼ਤ | ............ | 86 |
| ਮੀਂਹ ਵਰਸਾ ਦੇ ਰੱਬਾ | ............ | 87 |
| ਕਿਉਂ ਜਾਣ-ਜਾਣ ਕਰਦੈਂ | ............ | 89 |
| ਸਾਡੇ ਸੱਜਣਾ ਦੀ ਕਾਰ | ............ | 90 |
| ਸਾਹਿਬਾ ਨਿਰਦੋਸ਼ੀ ਮਿਰਜ਼ਿਆ | ............ | 91 |
| ਸੱਜਣਾ ਤੇਰੇ ਸ਼ਹਿਰ ਦਾ | ............ | 92 |
| ਮਰਦ ਪੰਜਾਬੀ ਰਾਂਝੇ | ............ | 93 |
| ਦੁਨੀਆਂ ਤੋਂ ਡਰ ਕੇ | ............ | 94 |
| ਤੇਰੀ ਸਿਫਤ ਕਰਾਂ ਮੈਂ ਕੀ | ............ | 95 |
| ਚੋਰਾ ਵੇ ਚੋਰੀ ਚੋਰੀ | ............ | 96 |
| ਤੇਰੇ ਬਿਨਾ ਦਿਨ ਤਿਉਹਾਰਾਂ ਦੇ | ............ | 97 |
| ਸੱਤ ਸਮੁੰਦਰੋਂ ਪਾਰ ਗਿਆ | ............ | 98 |
| ਇਕ ਸ਼ੀਸ਼ੀ ਨਸ਼ੇ ਦੀ ਮਾਹੀ ਮੇਰਾ | ............ | 99 |
| ਪਰਦੇਸੀਆ | ............ | 100 |
| ਇੱਕ ਰੋਗ ਲੱਗਾ ਮੈਨੂੰ | ............ | 101 |
| ਇਸ਼ਕ ਤੇਰੇ ਦੀ ਸਰਦਾਰੀ | ............ | 102 |
| ਤੇਰੀ ਪੱਗ ਦੀ ਫਿਫਟੀ ਬਣ ਜਾਵਾਂ | ............ | 103 |
| ਮੇਰੀ ਰੇਸ਼ਮੀ ਚੁੰਨੀ ਦਾ ਪੱਲਾ | ............ | 104 |
| ਚੰਨ ਬੱਦਲਾਂ 'ਚ ਛੁਪਦਾ ਮੈਂ ਆਪ ਵੇਖਿਆ | ............ | 105 |
| ਉਹਦਾ ਜ਼ਿਕਰ ਨਾ ਛੇੜੋ | ............ | 106 |
| ਸਾਉਣ | ............ | 107 |
| ਕੋਈ ਦੱਸ ਦੇਵੇ ਸਿਰਨਾਵਾਂ | ............ | 108 |
| ਉਮਰ ਕੈਦ | ............ | 109 |
| ਮਾਲਟਾ ਕਿਸ਼ਤੀ ਕਾਂਡ 96 ਨੂੰ ਸਮਿਰਿਪਤ | ............ | 111 |
| ਕੀਤਾ ਉਜਾਲਾ ਜੱਗ ਵਿੱਚ | ............ | 113 |
| ਫੇਰ ਘੱਲ ਕੋਈ ਮਸੀਹਾ | ............ | 114 |
| ਵੇ ਏਦਾਂ ਨਹੀਓਂ ਰੱਬ ਮਿਲਦਾ | ............ | 115 |
| ਸਾਡੀ ਸੁਣੀਂ ਫਰਿਆਦ ਗਰੀਬਾਂ ਦੀ | ............ | 116 |
| ਉਹਦੇ ਉੱਤੇ ਸੁੱਟ ਲੈ ਡੋਰੀਆਂ | ............ | 117 |
| ਅੱਖੀਆਂ 'ਚ ਹੰਝੂ ਵਗਦੇ | ............ | 118 |
| ਸੁਣ ਨੀਂ ਕਾਲੀ ਰਾਤ ਸਹੇਲੀਏ | ............ | 119 |

## ਕੁਲਜੀਤ ਕੌਰ 'ਗਜ਼ਲ'

ਲਲਿਤ ਕਲਾ, ਸਾਹਿਤ ਔਰ ਲੇਖਨ ਦੀ ਸਰਦਾਰੀ ਹੈ ਕੁਲਜੀਤ।
ਜਿਸ ਸੇ ਠੰਡੀ ਹਵਾ ਹੈ ਮਿਲਤੀ ਖੁਲੀ ਵੁਹ ਬਾਰੀ ਹੈ ਕੁਲਜੀਤ।

ਇਸ ਕੀ ਨਜ਼ਮੇਂ ਗੀਤ ਗ਼ਜ਼ਲ ਭੀ ਸਭ ਕੋ ਮਸਤ ਬਨਾਤੀ ਹੈਂ,
ਬਾਬਾ ਨਾਨਕ ਨੇ ਜੋ ਬਖ਼ਸ਼ੀ ਨਾਮ ਖ਼ੁਮਾਰੀ ਹੈ ਕੁਲਜੀਤ।

ਕਹੇ ਗ਼ਜ਼ਲ ਤੋ ਸੰਜੀਦਾ ਹੈ ਨਜ਼ਮ ਲਿਖੇ ਤੋ ਹੈ ਸ਼ੋਅਲਾ,
ਗੀਤ ਲਿਖੇ ਤੋਂ ਬੱਚੋਂ ਜੈਸੀ ਇਕ ਕਿਲਕਾਰੀ ਹੈ ਕੁਲਜੀਤ।

ਜਬ ਭੀ ਖੋਲੇ ਇਸ ਮੇਂ ਸੇ ਤੋ ਸੁੱਚੇ ਮੋਤੀ ਮਿਲਦੇ ਹੈਂ,
ਲਫ਼ਜ਼ੋਂ ਔਰ ਖ਼ਿਆਲਾਤ ਕੀ ਭਰੀ ਪਿਟਾਰੀ ਹੈ ਕੁਲਜੀਤ।

ਏਕ ਬੂੰਦ ਭੀ ਪੀ ਲੀ ਜਿਸ ਨੇ ਉਸ ਕੋ ਅਮ੍ਰਿਤ ਜਾਨ ਪੜੀ,
ਬੇਸ਼ਕ ਫ਼ਿਤਰਤ ਕੇ ਪਹਿਲੂ ਸੇ ਝੀਲ ਵੀ ਖਾਰੀ ਹੈ ਕੁਲਜੀਤ।

ਦੂਜੇ ਸ਼ਾਇਰ ਕੋ ਪੜ੍ਹਨਾ ਭੀ ਏਕ ਇਬਾਦਤ ਜੈਸਾ ਹੈ,
ਇਸੀ ਲਿਯੇ ਪਿਆਰੀ ਆਬਿਦਾ, ਪਿਆਰੀ ਕਾਰੀ ਹੈ ਕੁਲਜੀਤ।

ਖ਼ੁਦ ਸੇ ਖ਼ੁਦ ਹੀ ਬਾਤੇਂ ਕਰਨਾ ਖ਼ੁਦ ਹੀ ਹੰਸਨਾ, ਰੋਨਾ ਭੀ,
ਖ਼ੁਦ ਹੀ ਜ਼ਾਲਿਮ, ਖ਼ੁਦ ਮਜ਼ਲੂਮ ਔਰ ਖ਼ੁਦ ਬੇਚਾਰੀ ਹੈ ਕੁਲਜੀਤ।

ਅਪਨੀ ਮਾਂ ਬੋਲੀ ਕੀ ਖ਼ਿਦਮਤ ਕਰਨੇ ਕਾ ਵਰਦਾਨ ਮਿਲਾ,
ਜਿਸ ਮੇਂ 'ਵਾਰਿਸ ਸ਼ਾਹ' ਰਹਿਤੇ ਹੈਂ ਵਹੀ ਅਟਾਰੀ ਹੈ ਕੁਲਜੀਤ।



ਇਸ ਕੀ ਨਜ਼ਰ ਮੇਂ ਇਸ ਕਾ ਸਾਥੀ ਏਕ ਦੇਵਤੇ ਜੈਸਾ ਹੈ,
'ਮਾਈਕਲ ਰੋਬਿਨਸਨ' ਪੇ ਜਾਏ ਵਾਰੀ ਵਾਰੀ ਹੈ ਕੁਲਜੀਤ।

ਸਾਸ ਸਸੁਰ ਕੇ ਇਹਤਰਾਮ ਕਾ ਮਿਲਤਾ ਹੈ ਇਨਆਮ ਭੀ ਯੂੰ,
ਇਸ ਕੀ ਸਾਸੂ ਮਾਂ ਕਹਿਤੀ ਹੈ, ਬੜੀ ਪਿਆਰੀ ਹੈ ਕੁਲਜੀਤ।

ਚਲੇ ਇਸ ਤਰਹ ਲਫ਼ਜ਼ ਕਾ ਜਾਦੂ ਰਹੇ ਨ ਕੋਈ ਤੰਗ ਨਜ਼ਰ,
ਖ਼ੁਸ਼ ਹੈ 'ਪੰਛੀ' ਅਬ ਭੀ ਤੇਰੀ ਕੋਸ਼ਿਸ਼ ਜਾਰੀ ਹੈ ਕੁਲਜੀਤ।

*-ਸਰਦਾਰ ਪੰਛੀ*
*ਪੰਜਾਬ ਮਾਤਾ ਨਗਰ, ਲੁਧਿਆਣਾ-141 013*
*ਮੋਬਾਇਲ : 94170-91668*

## ਬਹੁਪੱਖੀ ਕਲਮ - ਕੁਲਜੀਤ .ਗਜ਼ਲ

ਕੁਲਜੀਤ ‘ਗ਼ਜ਼ਲ’ ਕਵਿਤਾ ਦੇ ਖੇਤਰ ਵਿਚ ਕੋਈ ਨਵਾਂ ਨਾਂ ਨਹੀਂ ਸਗੋਂ ਸ਼ਾਇਰੀ ਦੇ ਅਰਸ਼ ਤੇ ਚਮਕਦਾ ਉਹ ਤਾਰਾ ਹੈ ਜਿਸ ਨੇ ਨਿੱਕੀ ਉਮਰੇ ਘੱਟ ਸਮੇਂ ਵਿਚ ਲੰਮੀ ਉਡਾਣ ਭਰੀ ਹੈ। ਖੇਤਰ ਜ਼ਿੰਦਗੀ ਦਾ ਹੋਵੇ ਜਾਂ ਕਵਿਤਾ ਦਾ ਕੁਲਜੀਤ ਹਰ ਔਕੜ ਹੰਡਾਉਣ ਲਈ ਮੂਹਰੇ ਰਹਿੰਦੀ ਹੈ। ਉਸ ਨੇ ਆਪਣੀ ਕਵਿਤਾ ਨੂੰ ਵੰਨ ਸੁਵੰਨੇ ਵਿਸ਼ਿਆਂ ਨਾਲ ਸ਼ਿੰਗਾਰ ਕੇ ਆਪਣੀਆਂ ਰਚਨਾਵਾਂ ਨੂੰ ਨਵੀਂ ਨਕੋਰ ਨੁਹਾਰ ਦਿੱਤੀ ਹੈ। ਕੁਲਜੀਤ ਕੋਲ ਸ਼ਬਦਾਂ ਦਾ ਭੰਡਾਰ ਹੈ ਤੇ ਉਹ ਸ਼ਬਦ ਰੂਪ ਮੋਤੀਆਂ ਨੂੰ ਮਾਲਾ ਵਿਚ ਬੜੀ ਹੀ ਖ਼ੂਬਸੂਰਤੀ ਨਾਲ ਪਰੋਂਦੀ ਹੈ। ਆਸ਼ਾਵਾਦੀ ਕਵਿਤਾਵਾਂ ਦੀ ਰਚੈਤਾ ਕਵਿੱਤਰੀ  ਕੁਲਜੀਤ ਦਾ ਆਪਣੇ ਪਿੰਡ ਦੀ ਮਿੱਟੀ ਨਾਲ ਅੰਤਾਂ ਦਾ ਮੋਹ ਹੈ ਪਰ ਉਹ ਦਾਣਾ ਚੁਗਣ ਗਈ ਸੱਤ ਸਮੁੰਦਰ ਪਾਰ ਕਰ ਗਈ ਪਰ ਪਿੰਡ, ਸਖੀਆਂ, ਸਹੇਲੀਆਂ ਦੀ ਯਾਦਾਂ ਦੀ ਪਟਾਰੀ ਉਹ ਅਕਸਰ ਖੋਲ੍ਹ ਬਹਿੰਦੀ ਹੈ ਜਦੋਂ ਉਹ ਵਰਕਿਆਂ ਤੇ ਕਵਿਤਾ ਨੂੰ ਉਤਾਰਨ ਲਗਦੀ ਹੈ। ਉਹ ਆਪਣੀਆਂ ਹਾਨਣਾਂ ਲਈ ਇਕ ਪ੍ਰੇਰਨਾ ਸ੍ਰੋਤ ਹੈ ਜੋ ਧੀਆਂ ਤੇ ਪੁੱਤਾਂ ਵਿਚਲੇ ਵਿਤਕਰੇ ਨੂੰ ਮਿਟਾਉਣ ਲਈ ਵਚਨਬੱਧ ਹਨ। ਕੁਝ ਲੋਕ ਕਹਿੰਦੇ ਹਨ ਕਿ ਕਵਿਤਾ ਦਿਲ ਦੇ ਛਾਏ ਗੁਬਾਰ ’ਚੋਂ ਉਭਰਦੀ ਹੈ ਪਰ ਕੁਲਜੀਤ ਇਕ ਅਜਿਹੀ ਸ਼ਾਇਰਾ ਹੈ ਜਿਸ ਨੇ ਜੀਵਨ ਦੀ ਹਕੀਕਤ ਚੋਂ ਸ਼ਾਇਰੀ ਨੂੰ ਉਘਾੜਿਆ ਹੈ।

ਗੀਤ ਹੋਵੇ ਜਾਂ ਗ਼ਜ਼ਲ ਉਹ ਸਮਾਜਿਕ ਵਿਸ਼ਿਆਂ ਨੂੰ ਇਉਂ ਛੂੰਹਦੀ ਹੈ ਕਿ ਉਲਝਣਾਂ ਨੂੰ ਸੁਲਝਾਉਣ ਦੇ ਢੰਗ ਸਾਹਮਣੇ ਆਉਣ ਲਗਦੇ ਹਨ। ਉਹਦੇ ਗੀਤਾਂ ਵਿਚ ਰਵਾਨਗੀ ਹੈ ਤੇ ਗ਼ਜ਼ਲਾਂ ਵਿਚ ਸੁਹਿਰਦਤਾ। ਅਰਸ਼ ਤੇ ਬਣੀ ਸੱਤਰੰਗੀ ਪੀਂਘ ਵਰਗੀਆਂ ਰਚਨਾਵਾਂ ਨੂੰ ਪੜ੍ਹ ਕੇ ਅਤਿਅੰਤ ਖੁਸ਼ੀ ਹੋਈ। ਮੈਂ ਦੁਆ ਕਰਦੀ ਹਾਂ ਕਿ ਕੁਲਜੀਤ ਦੀ ਕਮਲ ਚੋਂ ਨਿਰੰਤਰ ਸ਼ਾਇਰੀ ਦਾ ਝਰਨਾ ਇਉਂ ਹੀ ਵਹਿੰਦਾ ਰਹੇ। ਇਹ ਉਸ ਦੀ ਤੀਸਰੀ ਪੁਸਤਕ ਹੈ ਜੋ ਉਸ ਦੇ ਸਾਹਿਤਕ ਕੱਦ ਨੂੰ ਹੋਰ ਉੱਚਾ ਕਰਦੀ ਹੈ। ਸੁੰਦਰ ਗ਼ਜ਼ਲਾਂ, ਗੀਤਾਂ ਦੀ ਰਚੈਤਾ ਕੁਲਜੀਤ ‘ਗਜ਼ਲ’ ਨੂੰ ਹਥਲੀ ਪੁਸਤਕ ਲਈ ਢੇਰਾਂ ਮੁਬਾਰਕਾਂ ਦਿੰਦੀ ਹਾਂ।

*-ਪ੍ਰਿੰਸੀਪਲ ਅਮਰਜੀਤ ਕੌਰ ‘ਨਾਜ਼’*

***ਮੋਬਾਇਲ : 98550-16918***



## ਤ੍ਰੇਲ ਧੋਤੇ ਫੁੱਲਾਂ ਵਰਗੀ ਸ਼ਾਇਰੀ

ਸਾਹਿਤ ਦੇ ਖੇਤਰ ਵਿਚ ਕੁਲਜੀਤ ਕੌਰ ‘ਗਜ਼ਲ’ ਦੀ ਕਲਮ ਪਹਿਲਾਂ ਹੀ ਆਪਣੀ ਨਿਵੇਕਲੀ ਪਛਾਣ ਬਣਾ ਚੁੱਕੀ ਹੈ। ਉਸ ਨੇ ‘ਤ੍ਰੇਲ ਜਿਹੇ ਮੋਤੀ’ (ਗਜ਼ਲ ਸੰਗ੍ਰਹਿ) ਰਾਹੀਂ ਪੰਜਾਬੀ ਸਾਹਿਤ ਦੇ ਵਿਹੜੇ ਵਿਚ ਸਿਰਫ਼ ਆਪਣਾ ਪੈਰ ਹੀ ਨਹੀਂ ਧਰਿਆ ਸਗੋਂ ਮਜ਼ਬੂਤੀ ਨਾਲ ਪੈਰ ਜਮਾ ਵੀ ਲਿਆ ਹੈ। ਪਲੇਠੇ ਗ਼ਜ਼ਲ ਸੰਗ੍ਰਹਿ ਤੋਂ ਬਾਅਦ ਉਸ ਨੇ ਇਕ ਬਹੁਤ ਹੀ ਖ਼ੂਬਸੂਰਤ ਪੁਸਤਕ ‘ਦਿਲ ਕਰੇ ਤਾਂ ਖ਼ਤ ਲਿਖੀ’ ਰਾਹੀਂ ਪਾਠਕਾਂ ਨੂੰ ਬਹੁਤ ਹੀ ਵਿਲੱਖਣ ਅੰਦਾਜ਼ ਵਿਚ ਲਿਖੀਆਂ ਚਿੱਠੀਆਂ ਅਤੇ ਖਤ ਪੜ੍ਹਨ ਦਾ ਮੌਕਾ ਦਿੱਤਾ ਜੋ ਉਸ ਨੂੰ ਸਮੇਂ ਸਮੇਂ ਤੇ ਵੱਖ ਵੱਖ ਵਿਦਵਾਨਾਂ, ਅਲੋਚਕਾਂ ਅਤੇ ਸਾਹਿਤ ਪ੍ਰੇਮੀਆਂ ਵਲੋਂ ਲਿਖੇ ਗਏ ਸਨ। ਹੁਣ ਕੁਲਜੀਤ ਕੌਰ ‘ਗ਼ਜ਼ਲ’ ਆਪਣੀ ਤੀਸਰੀ ਪੁਸਤਕ ‘ਰਾਗ ਮੁਹੱਬਤ’ ਰਾਹੀਂ ਪਾਠਕਾਂ ਦੀ ਕਚਹਿਰੀ ਵਿਚ ਫਿਰ ਹਾਜ਼ਰ ਹੋ ਰਹੀ ਹੈ।

ਕੁਲਜੀਤ ਕੌਰ ‘ਗ਼ਜ਼ਲ’ ਦੀ ਸ਼ਾਇਰੀ ਪੜ੍ਹਦਿਆਂ ਮੈਨੂੰ ਇਸ ਗੱਲ ਦਾ ਬੜੀ ਸ਼ਿੱਦਤ ਨਾਲ ਅਹਿਸਾਸ ਹੋਇਆ ਹੈ ਕਿ ਆਪਣੇ ਵਤਨ ਤੋਂ ਹਜ਼ਾਰਾਂ ਮੀਲ ਦੂਰ ਬੈਠੀ ਹੋਣ ਤੇ ਬਾਵਜੂਦ ਵੀ ਉਸ ਨੂੰ ਪੰਜਾਬ ਦੀ ਮਿੱਟੀ ਨਾਲ ਅੰਤਾਂ ਦਾ ਮੋਹ ਹੈ। ਆਪਣੇ ਪਿੰਡ ‘ਤਲਵੰਡੀ ਖੁੰਮਣ’ ਵਿਖੇ ਬਿਤਾਏ ਬਚਪਨ ਅਤੇ ਜਵਾਨੀ ਦੇ ਦਿਨ ਅਭੁੱਲ ਯਾਦਾਂ ਬਣ ਕੇ ਉਸ ਦੇ ਅਚੇਤ ਮਨ ਵਿਚ ਸਦਾ ਬਿਰਾਜਮਾਨ ਰਹਿੰਦੇ ਹਨ। ਇਹੀ ਕਾਰਨ ਹੈ ਕਿ ਉਸ ਦੀ ਹਰ ਰਚਨਾ ਵਿਚੋਂ ਪੰਜਾਬ ਦੀ ਸੰਧੂਰੀ ਮਿੱਟੀ ਦੀ ਖੁਸ਼ਬੋ ਆਉਂਦੀ ਹੈ। ਉਸ ਦੀ ਸ਼ਾਇਰੀ ਪੜ੍ਹਨ ਉਪਰੰਤ ਮੈਂ ਇਹ ਵੀ ਮਹਿਸੂਸ ਕੀਤਾ ਕਿ ਉਸ ਦੀ ਸ਼ਾਇਰੀ ਕੇਵਲ ‘ਨਿੱਜ’ ਦੀ ਹੀ ਬਾਤ ਨਹੀਂ ਪਾਉਂਦੀ ਸਗੋਂ ਲੋਕਾਈ ਦੇ ਦਰਦ ਨੂੰ ਵੀ ਆਪਣੇ ਕਲਾਵੇ ਵਿਚ ਲੈਂਦੀ ਪ੍ਰਤੀਤ ਹੁੰਦੀ ਹੈ। ਕੁਲਜੀਤ ਕੌਰ ‘ਗ਼ਜ਼ਲ’ ਅਜੋਕੇ ਵਰਤਾਰੇ ਵਿਚਲੀਆਂ ਵਿਸੰਗਤੀਆਂ ਨੂੰ ਬੜੀ ਨੀਝ ਨਾਲ ਦੇਖਦੀ ਹੋਈ ਗੰਭੀਰ ਚਿੰਤਨ ਕਰਦਿਆਂ ਹੋਇਆਂ ਨਰੋਏ ਸਮਾਜ ਦੀ ਸਿਰਜਣਾ ਕਰਨਾ ਲੋਚਦੀ ਹੈ। ਮਾਦਾ ਭਰੂਣ-ਹੱਤਿਆ, ਨੌਜਵਾਨ ਪੀੜ੍ਹੀ ਦਾ ਨਸ਼ਿਆਂ ਪ੍ਰਤੀ ਵੱਧ ਰਿਹਾ ਰੁਝਾਨ, ਧੋਖੇਬਾਜ਼ ਵਿਦੇਸ਼ੀ ਲਾੜਿਆ ਹੱਥੋਂ ਸਤਾਈਆਂ ਕੁੜੀਆਂ ਦਾ ਸੰਤਾਪ, ਡਾਲਰਾਂ-ਪੌਂਡਾਂ ਦੀ ਚਮਕ-ਦਮਕ ਕਾਰਨ ਵਿਦੇਸ਼ ਜਾਣ ਦੀ ਲਾਲਸਾ, ਆਰਥਿਕ ਕਾਣੀ-ਵੰਡ, ਭ੍ਰਿਸ਼ਟ-ਨਿਜ਼ਾਮ ਆਦਿ ਗੰਭੀਰ ਵਿਸ਼ੇ

ਸ਼ਾਇਰੀ ਦਾ ਹਿੱਸਾ ਬਣੇ ਹਨ। ਪਿਆਰ, ਮਹੁੱਬਤ, ਵਸਲ, ਜੁਦਾਈ ਆਦਿ ਜਜ਼ਬਿਆਂ ਨੂੰ ਪ੍ਰਗਟਾਉਂਦੇ ਸਾਫ ਸੁਥਰੇ ਅਰਥ ਭਰਪੂਰ ਗੀਤ ਇਸ ਪੁਸਤਕ ਨੂੰ ਚਾਰ ਚੰਨ ਲਗਾਉਂਦੇ ਹਨ। ਸ਼ਬਦ ਸਭਿਆਚਾਰ ਤੇ ਮਜ਼ਬੂਤ ਪਕੜ ਹੋਣ ਕਰਕੇ ਕੁਲਜੀਤ ਗਜ਼ਲ ਨੇ ਸਿਰਫ ਖੂਬਸੂਰਤ ਸ਼ਬਦਾਂ ਦੀ ਚੋਣ ਹੀ ਨਹੀਂ ਕੀਤੀ ਸਗੋਂ ਖੂਬਸੂਰਤ ਸ਼ਬਦਾਂ ਨੂੰ ਖੂਬਸੂਰਤ ਜੜ੍ਹਤ ਵੀ ਦਿੱਤੀ ਹੈ। ਉਸ ਦੀ ਸ਼ਬਦਾਵਲੀ ਵਿਚ ਸੁਹਜ, ਸਹਿਜ, ਸਰਲਤਾ ਅਤੇ ਸਵੱਛਤਾ ਹੈ। ਸਮੁੱਚੀ ਸ਼ਾਇਰੀ ਪਰਿਵਾਰ ਵਿਚ ਪੜ੍ਹੀ, ਸੁਣੀ ਅਤੇ ਮਾਣੀ ਜਾ ਸਕਦੀ ਹੈ।

ਮੈਂ ਦੁਆ ਕਰਦੀ ਹਾਂ ਕਿ ਕੁਲਜੀਤ ਕੌਰ 'ਗ਼ਜ਼ਲ' ਦੀ ਕਲਮ ਇਸੇ ਤਰ੍ਹਾਂ ਪਾਕਿ-ਪਵਿੱਤਰ ਅਤੇ ਉੱਚੀ-ਸੁੱਚੀ ਸੋਚ ਦੇ ਪਰਾਂ ਤੇ ਸਵਾਰ ਹੋ ਕੇ ਉੱਚੀ ਉਡਾਨ ਭਰਦੀ ਹੋਈ ਨਵੇਂ ਦਿਸ-ਹੱਦਿਆਂ ਨੂੰ ਛੂਹਵੇ।

ਆਮੀਨ!

*-ਗੁਰਚਰਨ ਕੌਰ ਕੋਚਰ*
*ਪ੍ਰਧਾਨ, ਪੰਜਾਬੀ ਲੇਖਕ ਕਲਾਕਾਰ ਸੁਸਾਇਟੀ ਲੁਧਿਆਣਾ।*
*464-ਬੀ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ।*
*ਮੋਬਾਇਲ : 94170-31464*



## ਮੇਰੀ ਗੱਲ

ਆਪਣੀ ਪਲੇਠੀ ਗਜ਼ਲਾਂ ਦੀ ਪੁਸਤਕ 'ਤ੍ਰੇਲ ਜਿਹੇ ਮੋਤੀ' ਅਤੇ ਚਿਠੀਆਂ ਦੀ ਪੁਸਤਕ 'ਦਿਲ ਕਰੇਂ ਤਾਂ ਖੱਤ ਲਿਖੀਂ' ਤੋਂ ਬਾਅਦ ਇਸ ਪੁਸਤਕ ਨੂੰ ਪਾਠਕਾਂ ਦੇ ਸਾਹਵੇਂ ਆਉਣ ਵਿੱਚ ਜੋ ਦੇਰੀ ਹੋਈ ਹੈ ਉਸ ਦੇ ਲਈ ਮੇਰੇ ਰੁਝੇਵੇਂ ਤੇ ਕੁਝ ਮਜਬੂਰੀਆਂ ਵੀ ਜਿੰਮੇਵਾਰ ਹਨ। ਹੱਥਲੀ ਪੁਸਤਕ 'ਰਾਗ ਮੁਹੱਬਤ' ਵਿੱਚਲੀਆਂ ਮੇਰੀਆਂ ਰਚਨਾਵਾਂ ਮੇਰੀ ਸ਼ਾਇਰੀ ਦੇ ਅਰੰਭਕ ਸਮੇਂ ਨਾਲ ਜੁੜੀਆਂ ਹੋਈਆਂ ਹਨ। ਆਪਣੇ ਪਿੰਡ ਰਹਿੰਦਿਆਂ ਅਤੇ ਪੜ੍ਹਨ ਲਈ ਪੈਦਲ ਸਕੂਲ ਜਾਂਦਿਆਂ ਮੈਨੂੰ ਏਹੋ ਜਿਹੇ ਵਾਤਾਵਰਣ ਅਤੇ ਦ੍ਰਿਸ਼ ਵੇਖਣ ਨੂੰ ਮਿਲੇ, ਉਹ ਮੇਰੀ ਸ਼ਾਇਰੀ ਦਾ ਹਿੱਸਾ ਬਣਦੇ ਰਹੇ। ਕਦੇ ਕਦੇ ਸਕੂਲ ਜਾਂਦਿਆਂ ਮੈਨੂੰ ਕੁਝ ਫੁਰਨਾ ਫੁਰਨਾ ਤਾਂ ਉਹ ਮੈਂ ਕਾਪੀ ਤੇ ਲਿਖ ਲੈਂਦੀ ਅਤੇ ਜਦੋਂ ਵੀ ਮੌਕਾ ਮਿਲਦਾ, ਮੈਂ ਉਸ ਕਵਿਤਾ ਜਾਂ ਗੀਤ ਨੂੰ ਪੂਰਾ ਕਰ ਲੈਂਦੀ। ਸਕੂਲ ਅਤੇ ਕਾਲਜ ਜਾਣ ਵਾਲੀ ਉਮਰੇ ਹੀ ਮੈਂ ਇਹ ਸਾਰੀਆਂ ਕਵਿਤਾਵਾਂ ਤੇ ਗੀਤ ਲਿਖੇ ਹਨ, ਬਹੁਤ ਸਾਰੀਆਂ ਤਰੁੱਟੀਆਂ ਹੋਣਗੀਆਂ, ਜਿਹਨਾਂ ਲਈ ਪੇਹਲਾਂ ਹੀ ਮੁਆਫੀ ਚਾਹੁੰਦੀ ਹਾਂ।

ਇਥੇ ਮੈਂ ਹੋਰ ਗੱਲ ਆਪ ਜੀ ਨੂੰ ਦੱਸ ਦੇਣਾ ਚਾਹੁੰਦੀ ਹਾਂ ਕਿ ਇਸ ਪੁਸਤਕ ਵਿਚ ਬਹੁਤ ਰਲੀਆਂ ਮਿਲੀਆਂ ਜਿਹੀਆਂ ਰਚਨਾਵਾਂ ਹਨ,ਜਿੱਥੇ ਬਹੁਤ ਸਾਰੇ ਪਿਆਰ ਮੁਹੱਬਤ ਦੇ ਗੀਤ ਹਨ, ਉੱਥੇ ਮੈਂ ਕੁਝ ਧਾਰਮਿਕ ਗੀਤ ਵੀ ਸ਼ਾਮਿਲ ਕੀਤੇ ਹਨ, ਜੋ ਹੋ ਸਕਦਾ ਹੈ ਮੇਰੇ ਉਹਨਾਂ ਪਿਆਰੇ ਪਾਠਕਾਂ ਨੂੰ ਨਾ ਪਸੰਦ ਆਉਣ ਜੋ ਰੱਬ ਦੀ ਹੋਂਦ ਨੂੰ ਨਕਾਰਦੇ ਹਨ, ਕੁਝ ਗੀਤ 'ਮਾਲਟਾ ਕਿਸ਼ਤੀ ਕਾਂਡ' ਨੂੰ ਸਮਰਪਿਤ ਹਨ, ਜੋ 1996 ਵਿਚ ਹੋਇਆ ਸੀ ਤੇ ਕਈ ਪੰਜਾਬੀ ਮੁੰਡੇ ਮਾਰੇ ਗਏ ਸਨ। ਸੋ ਮੈਨੂੰ ਮੇਰੀਆਂ ਹਰ ਤਰ੍ਹਾਂ ਦੀਆਂ ਕਵਿਤਾਵਾਂ ਤੇ ਗੀਤ ਪਿਆਰੇ ਲਗਦੇ ਹਨ, ਜਿਵੇਂ ਮਾਪਿਆਂ ਨੂੰ ਆਪਣੇ ਸਾਰੇ ਬੱਚੇ ਪਿਆਰੇ ਲਗਦੇ ਹਨ।

ਮੇਰੀਆਂ ਇਹ ਕਵਿਤਾਵਾਂ ਮੇਰੀ ਨਵੀਂ ਜਵਾਨੀ ਦੀਆਂ ਸਾਥਣਾਂ ਰਹੀਆਂ ਹਨ। ਕੁੜੀ ਨੂੰ ਬੁਰੀ ਨਜ਼ਰ ਨਾਲ ਵੇਖਣ ਵਾਲੇ, ਪਿਆਰ ਨੂੰ ਮਖੌਲ ਕਰਨ ਵਾਲੇ, ਗ਼ਰੀਬਾਂ ਦਾ ਸੋਸ਼ਣ ਕਰਨ ਵਾਲੇ ਅਮੀਰਾਂ, ਇਹਨਾਂ ਸਾਰਿਆਂ ਨੂੰ ਮੇਰੀ ਨਿੱਗਰ ਸੋਚ ਦਾ ਸਾਹਮਣਾ ਕਰਨਾ ਪਿਆ ਹੈ। ਮੇਰੀਆਂ ਇਹ ਕਵਿਤਾਵਾਂ ਅਤੇ ਗੀਤ ਮੈਨੂੰ ਹਮੇਸ਼ਾਂ ਚੜ੍ਹਦੀਕਲਾ ਵਿੱਚ ਰਹਿਣ ਲਈ ਉਤਸ਼ਾਹਿਤ ਕਰਦੇ ਰਹੇ

ਹਨ ਅਤੇ ਅੱਜ ਵੀ ਕਰ ਰਹੇ ਹਨ। ਅਜਿਹੀਆਂ ਹੌਂਸਲਾ ਦੇਣ ਵਾਲੀਆਂ ਰਚਨਾਵਾਂ ਨੂੰ ਕੋਈ ਵੀ ਅੱਖੋਂ-ਪਰੋਖੇ ਨਹੀਂ ਕਰ ਸਕਦਾ। ਆਪਣੇ ਪਿਆਰੇ ਪਿੰਡ ਦੇ ਛੋਟੇ ਜਿਹੇ ਘਰ ਤੋਂ ਪਰਦੇਸ ਜਾ ਵੱਸਣ ਤੋਂ ਬਾਅਦ ਵੀ ਮੇਰੀਆਂ ਰਚਨਾਵਾਂ ਮੇਰੀਆਂ ਸਹੇਲੀਆਂ ਅਤੇ ਨੇੜਦੀਆਂ ਰਿਸ਼ਤੇਦਾਰ ਰਹੀਆਂ ਹਨ ਤੇ ਅਜੇ ਵੀ ਹਨ। ਜੋ ਹਮੇਸ਼ਾਂ ਮੇਰੀ ਆਤਮਾ ਦੇ ਅੰਗ ਸੰਗ ਰਹਿਣਗੀਆਂ। ਛੇ ਸਾਲ ਹੋ ਗਏ ਪਰਦੇਸ ਵਿੱਚ ਆਈ ਨੂੰ, ਰੱਬ ਦੀ ਸਹੁੰ ਪਤਾ ਨਹੀਂ ਕਿਹੜਾ ਸੱਪ ਸੁੰਘ ਗਿਆ ਮੈਨੂੰ, ਲਿਖਿਆ ਕੁਝ ਵੀ ਨਹੀਂ, ਬਸ ਇਹ ਨਾ ਕਵਿਤਾਵਾਂ ਨੂੰ ਸਾਂਭ ਸਾਂਭ ਰਖਦੀ ਰਹੀਂ ਹਾਂ ਇਹ ਸੋਚਕੇ ਕੀ ਕਦੀ ਤਾਂ ਵੇਲਾ ਆਵੇਗਾ ਜਦੋਂ ਮੈਂ ਇਹਨਾਂ ਨੂੰ ਕਿਤਾਬੀ ਰੂਪ ਦੇ ਕੇ ਸਦਾ ਲਈ ਸੰਭਾਲ ਲਵਾਂਗੀ। ਰੱਬ ਦਾ ਸ਼ੁਕਰ ਹੈ ਇਕ ਲੰਬੇ ਅਰਸੇ ਦੀ ਉਡੀਕ ਤੋਂ ਬਾਅਦ ਮੇਰੀ ਤਮੰਨਾ ਪੂਰੀ ਹੋ ਗਈ, ਮੈਂ ਭਾਵੇਂ ਪਰਦੇਸਣ ਹੋ ਗਈ ਹਾਂ,ਪਰ ਮੇਰੀ ਰੂਹ ਮੇਰੇ ਪਿਆਰੇ ਪਿੰਡ 'ਤਲਵੰਡੀ ਖੁੰਮਣ' ਦੀ ਜੂਹ ਵਿਚ ਹੀ ਵੱਸਦੀ ਹੈ ਇਸੇ ਤਰ੍ਹਾਂ ਮੇਰੇ ਨਾਲ ਨਾਲ ਰਹੀਆਂ ਮੇਰੀਆਂ ਰਚਨਾਵਾਂ ਪਰਦੇਸਣ ਹੋ ਕੇ ਵੀ ਮੇਰੇ ਪਿੰਡ ਹੀ ਵੱਸਦੀਆਂ ਹਨ। ਮੇਰੀਆਂ ਰਚਨਾਵਾਂ ਵਿਚਲੇ ਕਿਸੇ ਸੁਨੇਹੇ ਤੋਂ ਪ੍ਰਭਾਵਿਤ ਹੋ ਕੇ ਜੇਕਰ ਇੱਕ ਬੰਦਾਵੀ ਭਰੂਣ ਹੱਤਿਆ ਤੋਂ, ਨਸ਼ਿਆਂ ਤੋਂ ਤੌਬਾ ਕਰ ਲਏ ਤਾਂ ਮੈਂ ਸਮਝਾਂਗੀ ਕਿ ਮੇਰੀ ਕਲਮ ਦੇ ਮੂੰਹੋਂ ਨਿਕਲੇ ਲਫਜ਼ਾਂ ਦਾ ਮੁੱਲ ਪੈ ਗਿਆ ਹੈ। ਪਾਠਕੋ ਮੇਰੀ 'ਰਾਗ ਮੁਹੱਬਤ' ਤੁਹਾਡੀ ਅਦਾਲਤ ਵਿੱਚ ਪੂਰਾ ਆਪਣਾ ਆਪ ਲੈ ਕੇ ਹਾਜ਼ਿਰ ਹੈ। ਦੋਸਤੋ, ਮੈਂ ਇਕੱਲੀ ਇਹਨਾਂ ਭੁੱਲੀਆਂ-ਵਿਸਰੀਆਂ ਰਚਨਾਵਾਂ ਨੂੰ 'ਰਾਗ ਮੁਹੱਬਤ' ਦਾ ਰੂਪ ਦੇਣ ਦਾ ਸੁਪਨਾ ਵੀ ਨਹੀਂ ਲੈ ਸਕਦੀ। ਇਸ ਲਈ ਮੇਰੀ ਮਦਦ ਕਰਨ ਵਾਲੇ ਲੋਕਾਂ ਦਾ ਧੰਨਵਾਦ ਕਰਨਾ ਵੀ ਬਣਦਾ ਹੈ।

- ਮੈਂ ਧੰਨਵਾਦੀ ਹਾਂ ਆਪ ਸਭ ਦੀ ਜਿਹਨਾਂ ਨੇ ਮੈਨੂੰ ਹਮੇਸ਼ਾਂ ਪਿਆਰ ਦਿੱਤਾ ਹੈ।
- ਰੱਬ ਦੀ ਧੰਨਵਾਦੀ ਹਾਂ, ਜਿਸ ਨੇ ਹਮੇਸ਼ਾਂ ਮੈਨੂੰ ਡਿੱਗਦੀ ਨੂੰ ਮੁੜ ਮੁੜ ਸੰਭਲਣ ਦਾ ਮੌਕਾ ਦਿੱਤਾ ਹੈ।
- ਪੰਜਾਬੀ ਸਥ ਦੇ ਨਾਮਵਰ ਸੇਵਾਦਾਰ ਸ. ਮੋਤਾ ਸਿੰਘ ਸਰਾਏ (ਇੰਗਲੈਂਡ),ਅਤੇ ਭਾਜੀ ਕੁਲਵਿੰਦਰ ਸਿੰਘ ਸਰਾਏ ਹੁਰਾਂ ਦੀ ਧੰਨਵਾਦੀ ਹਾਂ, ਜਿਹਨਾਂ ਨੇ ਮੇਰੀ ਪਹਿਲੀ ਕਿਤਾਬ 'ਤ੍ਰੇਲ ਜਿਹੇ ਮੋਤੀ' ਨੂੰ ਸੰਪੋਸਰ ਕਰਕੇ ਮੈਨੂੰ ਕਿਸੇ ਜੋਗੀ ਕਰ ਦਿੱਤਾ।
- ਆਪਣੇ ਜੀਵਨ ਸਾਥੀ ਮਿਸਟਰ ਮਾਈਕਲ ਰੋਬਿਨਸਨ ਦਾ ਸ਼ੁਕਰੀਆਦਾ



ਕਰਦੀਂ ਹਾਂ, ਜਿਹਨਾਂ ਦੇ ਉਤਸ਼ਾਹ ਤੋਂ ਬਿਨਾ ਇਹ ਕੰਮ ਅਧੂਰਾ ਰਹਿ ਜਾਣਾ ਸੀ।

- ਆਪਣੇ ਉਸਤਾਦ ਸਾਹਿਬ ਜਨਾਬ ਸਰਦਾਰ ਪੰਛੀ ਜੀ ਦੀ ਵੀ ਧੰਨਵਾਦੀ ਹਾਂ ਜਿਹਨਾਂ ਨੇ ਮੈਨੂੰ ਸ਼ਾਇਰੀ ਦੀਆਂ ਬਰੀਕੀਆਂ ਤੋਂ ਜਾਣੂ ਕਰਵਾ ਕੇ ਤੇ ਇਸ ਰਾਹ ਵਿੱਚ ਆਉਣ ਵਾਲੀਆਂ ਅੜਚਨਾਂ ਨੂੰ ਦੂਰ ਕਰਨ ਦੀ ਜਾਚ ਸਿਖਾਈ ਹੈ, ਜਿਸ ਨਾਲ ਮੰਜ਼ਿਲ 'ਤੇ ਪਹੁੰਚਣ ਲਈ ਰਾਹ ਹੋਰ ਵੀ ਸੌਖਾ ਹੋ ਗਿਆ ਹੈ।
- ਆਪਣੇ ਪਿਤਾ ਜੀ ਸ. ਨਿਰਮਲ ਸਿੰਘ ਕਾਹਲੋਂ ਅਤੇ ਮਾਤਾ ਜੀ ਸਰਦਾਰਨੀ ਕੁਲਵੰਤ ਕੌਰ ਕਾਹਲੋਂ ਜੀ ਦੀ ਵੀ ਰਿਣੀ ਹਾਂ ਜਿਹਨਾਂ ਨੇ ਮੈਨੂੰ ਚੰਗੀ ਸਿੱਖਿਆ ਦੇ ਨਾਲ ਨਾਲ ਮਾਣ ਮੱਤੇ ਸੰਸਕਾਰ ਵੀ ਦਿੱਤੇ ਹਨ, ਜਿਹਨਾਂ ਨੇ ਮੈਨੂੰ ਜ਼ਿੰਦਗੀ ਵਿੱਚ ਕਾਮਯਾਬੀਆਂ ਹੀ ਕਾਮਯਾਬੀਆਂ ਬਖਸ਼ੀਆਂ।
- ਰਾਸ਼ਟਰਪਤੀ ਪੁਰਸਕਾਰ ਨਾਲ ਨਿਵਾਜੀ ਗਈ ਅਤੇ ਪੰਜਾਬੀ ਦੀ ਜਾਣੀ-ਪਛਾਣੀ ਸ਼ਾਇਰਾ ਸ੍ਰੀ ਮਤੀ ਗੁਰਚਰਨ ਕੌਰ ਕੋਚਰ ਜੀ ਦਾ ਸ਼ੁਕਰੀਆਦਾ ਕਰਦੀ ਹਾਂ ਜਿਹਨਾਂ ਨੇ ਮੇਰੀ ਸ਼ਾਇਰੀ ਨੂੰ ਬੜੇ ਹੀ ਗਹੁ ਨਾਲ ਪੜ੍ਹਿਆ ਅਤੇ ਆਪ ਪ੍ਰਸਿਧ ਕਵਿੱਤਰੀ ਹੋਣ ਦੇ ਨਾਤੇ ਬੜੀ ਬਾਰੀਕੀ ਨਾਲ ਵਾਚਿਆ ਅਤੇ ਆਪਣੇ ਨਿਰਪੱਖ ਵਿਚਾਰ ਪਾਠਕਾਂ ਅੱਗੇ ਪੇਸ਼ ਕੀਤੇ।
- ਮੈਂ ਪ੍ਰਿੰਸੀਪਲ ਤੇ ਨਾਮਵਰ ਕਵਿੱਤਰੀ ਅਮਰਜੀਤ ਕੌਰ ਨਾਜ਼ ਦੀ ਵੀ ਰਿਣੀ ਹਾਂ ਜਿਹਨਾਂ ਨੇ ਮੇਰੀ ਰਚਨਾ ਪ੍ਰਕਿਰਿਆ ਬਾਰੇ ਆਪਣੇ ਕੀਮਤੀ ਵਿਚਾਰ ਪੇਸ਼ ਕੀਤੇ ਹਨ। ਇਹ ਵਿਚਾਰ ਮੇਰੇ ਲਈ ਕੀਮਤੀ ਤੋਹਫ਼ੇ ਹਨ।
- ਇਸਦੇ ਨਾਲ ਹੀ ਮੈਂ ਆਪਣੇ ਭਰਾਵਾਂ ਗੁਰਪ੍ਰੀਤ ਸਿੰਘ ਕਾਹਲੋਂ ਤੇ ਹਰਪ੍ਰੀਤ ਸਿੰਘ ਕਾਹਲੋਂ ਦੀ ਧੰਨਵਾਦ ਕਰਨਾ ਨਹੀ ਭੁੱਲਣਾ ਚਾਹੁੰਦੀ, ਪਰਦੇਸ ਵਿੱਚ ਜਿਹਨਾਂ ਨੇ ਮੇਰੀਆਂ ਖਿਲਰੀਆਂ-ਪੁਲਰੀਆਂ ਕਵਿਤਾਵਾਂ ਨੂੰ ਸਕੈਨ ਕਰਕੇ ਤੇ ਆਪਣਾ ਬਹੁਤ ਸਾਰਾ ਕੀਮਤੀ ਸਮਾਂ ਲਗਾ ਕੇ ਪੁਬਿਲਸ਼ਰ ਤੱਕ ਭੇਜਣ ਵਿਚ ਮੇਰੀ ਮਦਦ ਕੀਤੀ।
- ਪ੍ਰਸਿਧ ਕਹਾਣੀ ਕਾਰ ਜਤਿੰਦਰ ਹਾਂਸ ਅਤੇ ਯਾਸੀਨ ਮੁਹੰਮਦ ਹੁਰਾਂ ਦੀ ਵੀ ਬਹੁਤ ਧੰਨਵਾਦੀ ਹਾਂ ਜਿਹਨਾਂ ਨੇ ਮੇਰੀਆਂ ਰਚਨਾਵਾਂ ਨੂੰ ਪਬਿਲਸ਼ਰ ਤੱਕ ਸਹੀ ਸਮੇਂ 'ਤੇ ਪੰਹੁਚਾਉਣ ਲਈ ਆਪਣਾ ਪੂਰਾ ਯੋਗ ਦਾਨ ਪਾਇਆ।

- ਮੇਰੀਆਂ ਕਿਤਾਬਾਂ ਨੂੰ ਸ਼ਿੰਗਾਰਨ ਵਾਲੇ ਡਿਜ਼ਾਈਨਰ 'ਰਾਜੂ ਸੋਮਲ' ਜੀ ਦਾ ਵੀ ਧੰਨਵਾਦ ਕਰਨਾ ਬਣਦਾ ਹੈ, ਜਿਹੜੇ ਈਮੇਲ ਤੇ ਮੇਰੇ ਨਾਲ ਰਾਬਤਾ ਰੱਖਦੇ ਰਹੇ, ਜਿਸ ਕਾਰਨ ਮੇਰਾ ਕੰਮ ਹੋਰ ਵੀ ਆਸਾਨ ਹੋ ਗਿਆ।

ਅੰਤ ਵਿੱਚ ਪਿਆਰੇ ਪਾਠਕਾਂ ਅੱਗੇ ਮੇਰੀ ਬੇਨਤੀ ਹੈ ਕਿ ਉਹ ਮੇਰੀਆਂ ਰਚਨਾਵਾਂ ਬਾਰੇ ਆਪਣੀਆਂ ਭਾਵਨਾਵਾਂ ਤੋਂ ਜਰੂਰ ਜਾਣੂ ਕਰਵਾਉਣ ਤਾਂ ਕੇ ਮੈਂ ਆਪਣੀ ਕਾਨੀ ਵਿੱਚ ਉਹ ਰੰਗ ਵੀ ਭਰ ਸਕਾਂ ਜਿਹੜੇ ਰੰਗ ਉਹਨਾਂ ਦੇ ਸੁਝਾਵਾਂ ਵਿੱਚ ਹੋਣਗੇ। ਕਿਤਾਬ ਪੜ੍ਹ ਕੇ ਖ਼ਤ ਜ਼ਰੂਰ ਲਿਖਣਾ ਮੇਰੇ ਪਿੰਡ ਵਾਲੇ ਪਤੇ ਤੇ, ਇਹ ਖ਼ਤ ਮੇਰੀ ਕਿਤਾਬ 'ਦਿਲ ਕਰੇ ਤਾਂ ਖ਼ਤ ਲਿਖੀਂ' ਦੀ ਅਗਲੀ ਐਡੀਸ਼ਨ ਵਿੱਚ ਸ਼ਾਮਿਲ ਕੀਤੇ ਜਾਣਗੇ। ਮੈਂ ਜੋ ਕਹਿਣਾ ਸੀ ਕਹਿ ਲਿਆ, ਅੱਗੇ ਸਭ ਕੁਝ ਤੁਹਾਡੇ ਹੱਥ ਵੱਸ, ਸ਼ੁਕਰੀਆ।

***-ਕੁਲਜੀਤ ਕੌਰ .ਗਜ਼ਲ***
*ਪਿੰਡ : ਤਲਵੰਡੀਖੁੰਮਣ*
*ਡਾਕ : ਪਾਖਾਰਪੁਰਾ*
*ਜਿਲ੍ਹਾ: ਅੰਮ੍ਰਿਤਸਰ-143502 (ਪੰਜਾਬ)*
*ਫੋਨ : 9855056551*

## ਮਾਂ

ਮਾਂ ਦੁਰਗਾ ਮਾਂ ਸ਼ੇਰਾਂ ਵਾਲੀ।
ਲਛਮੀ ਮਾਂ ਪਹਾੜਾਂ ਵਾਲੀ।
ਵੈਸ਼ਨੂੰ ਮਾਂ ਤੇ ਮਾਤਾ ਕਾਲੀ।
ਤੀਰਾਂ ਵਾਲੀ ਜੋਤਾਂ ਵਾਲੀ।

ਇਹ ਵੀ ਮਾਂ ਤਾਂ ਹੈ ਇਕ ਔਰਤ।
ਧੀ ਵਰਗੀ ਹੈ ਇਸ ਦੀ ਸੀਰਤ।
ਭੋਲੀ ਭਾਲੀ ਸੋਹਣੀ ਸੂਰਤ।
ਲ਼ੋਕ ਪੂਜਦੇ ਇਸ ਦੀ ਮੂਰਤ।

ਜਿਉਂਦੀ ਮਾਂ ਦੇ ਲੱਤਾਂ ਮਾਰਨ।
ਭੈਣ ਅਪਣੀ ਦੇ ਕਪੜੇ ਪਾੜਨ।
ਧੀ ਦੀ ਨਾਜ਼ੁਕ ਧੌਣ ਮਰੋੜਨ।
ਬਹੂ ਬੇਟੀ ਨੂੰ ਜ਼ਿੰਦਾ ਸਾੜਨ।

ਲ਼ੋਕ ਪਖੰਡੀ ਬ੍ਰਾਹਮਣ ਵਾਦੀ।
ਇਹਨਾਂ ਦੀ ਗੰਦ ਬਕਣਾ ਵਾਦੀ।
ਇਹ ਨੇ ਜ਼ਿੰਦਾ ਮਾਸ ਦੇ ਆਦੀ।
ਦੁਨੀਆਂ ਦੀ ਚਾਹੁੰਦੇ ਬਰਬਾਦੀ।

ਲੋਕੋ ਉੱਠੋ ਹੁਣ ਤਾਂ ਜਾਗੋ।
ਮੂੜ੍ਹ ਮੱਤ ਨੂੰ ਦਿਲੋਂ ਤਿਆਗੋ।
ਨਫ਼ਰਤ ਦੇ ਗੋਲੇ ਨਾ ਦਾਗੋ।
ਮੂਰਤੀ ਵਾਦ ਨੂੰ ਦਿਲੋਂ ਤਿਆਗੋ।

ਔਰਤ ਨੂੰ ਉਂਜ ਵੇਖ ਨਾ ਜਰਦੇ।
ਮੂਰਤੀਆਂ ਦੀ ਪੂਜਾ ਕਰਦੇ।



ਬੁੱਤਾਂ ਤਾਈਂ ਨੇ ਸਜਦੇ ਕਰਦੇ।
ਪੱਥਰਾਂ ਉੱਤੇ ਸਿਰ ਨੇ ਧਰਦੇ।

ਨਾਰਾਂ ਨੂੰ ਨਾ ਡੈਣਾਂ ਜਾਣੋ।
ਮਾਵਾਂ ਧੀਆਂ ਭੈਣਾਂ ਜਾਣੋ।
ਨਾਰੀ ਦੀ ਹੁਣ ਪੀੜ ਪਛਾਣੋ।
ਇਸ ਦੀ ਮਮਤਾ ਦਾ ਸੁੱਖ ਮਾਣੋ।

•

## ਤੇਰੀ ਕੁਲਜੀਤ ਹਾਂ

ਸੁਹਣੇ ਪਰਦੇਸੀਆ ਮੈਂ ਤੇਰੀ ਮਲਕੀਤ ਹਾਂ।
ਤੇਰੀ ਹੀ ਗ਼ਜ਼ਲ ਹਾਂ ਮੈਂ ਤੇਰਾ ਹੀ ਮੈਂ ਗੀਤ ਹਾਂ।

ਜੰਗਲ ਦੇ ਵਿਚ ਉੱਗੀ ਫੁੱਲਾਂ ਵਾਲੀ ਡਾਲ ਹਾਂ।
ਤੇਰੇ ਕੋਲ ਹੱਲ ਜੀਹਦਾ ਓਹੀ ਮੈਂ ਸਵਾਲ ਹਾਂ।
ਤੇਰੇ ਕੋਲ ਜਿਸ ਦਾ ਭਵਿੱਖ, ਉਹ ਅਤੀਤ ਹਾਂ।
ਤੇਰੀ ਹੀ ਗ਼ਜ਼ਲ ਹਾਂ ਮੈਂ ਤੇਰਾ ਹੀ ਮੈਂ ਗੀਤ ਹਾਂ।

ਟਿੰਡਾਂ ਵਾਲੇ ਖੂਹ ਦਾ ਮੈਂ ਠੰਡਾ ਮਿੱਠਾ ਪਾਣੀ ਹਾਂ।
ਜ਼ਿੰਦਗੀ ਦੀ ਚਾਟੀ ਵਿਚ ਸੋਨੇ ਦੀ ਮਧਾਣੀ ਹਾਂ।
ਮੱਖਣਾਂ ਦੇ ਪੇੜਿਆਂ ਚੋਂ ਹੋਈ ਸਰਜੀਤ ਹਾਂ।
ਤੇਰੀ ਹੀ ਗ਼ਜ਼ਲ ਹਾਂ ਮੈਂ ਤੇਰਾ ਹੀ ਮੈਂ ਗੀਤ ਹਾਂ।

ਸੋਹਣਿਆਂ ਮੈਂ ਤੇਰੇ ਲਈ ਪਲੰਘ ਨਵਾਰੀ ਹਾਂ।
ਸੱਤਰੰਗੀ ਪੀਂਘ ਸੱਤ ਰੰਗੀ ਫੁਲਕਾਰੀ ਹਾਂ।
ਹੱਥ ਲਾ ਕੇ ਵੇਖ ਲਾਜਵੰਤੀ ਪੁਨੀਤ ਹਾਂ।
ਤੇਰੀ ਹੀ ਗ਼ਜ਼ਲ ਹਾਂ ਮੈਂ ਤੇਰਾ ਹੀ ਮੈਂ ਗੀਤ ਹਾਂ।

ਮੇਰੇ ਮੁੱਖ ਉੱਤੇ ਤੇਰੇ ਮੁਖੜੇ ਦੀ ਲਾਲੀ ਏ।
ਅਜੇ ਵੀ ਮੈਂ ਤੇਰੀ ਇਹ ਅਮਾਨਤ ਸੰਭਾਲੀ ਏ।
ਆਪਣੇ ਸਮਾਜ ਦੀ ਮੈਂ ਮਾਣਮੱਤੀ ਰੀਤ ਹਾਂ।
ਤੇਰੀ ਹੀ ਗ਼ਜ਼ਲ ਹਾਂ ਮੈਂ ਤੇਰਾ ਹੀ ਮੈਂ ਗੀਤ ਹਾਂ।

ਹੱਥ ਵਿਚ ਫੜ ਕੇ ਇਹ ਸੋਹਣੀ ਜਹੀ ਕਾਨੀ ਮੈਂ।
ਲਿਖ ਦਿੱਤੀ ਤੇਰੇ ਨਾਮ ਆਪਣੀ ਜਵਾਨੀ ਮੈਂ।
ਜਿਹਨੂੰ ਤੂੰ ਸੀ ਚਾਹਿਆ ਮੈਂ ਓਹੀ ਕੁਲਜੀਤ ਹਾਂ।
ਤੇਰੀ ਹੀ ਗ਼ਜ਼ਲ ਹਾਂ ਮੈਂ ਤੇਰਾ ਹੀ ਮੈਂ ਗੀਤ ਹਾਂ।

ਸੁਹਣੇ ਪਰਦੇਸੀਆ ਮੈਂ ਤੇਰੀ ਮਲਕੀਤ ਹਾਂ।
ਤੇਰੀ ਹੀ ਗ਼ਜ਼ਲ ਹਾਂ ਮੈਂ ਤੇਰਾ ਹੀ ਮੈਂ ਗੀਤ ਹਾਂ।

•



## ਸੁਹਣੇ ਤੀਰਥਾਂ ਸਮਾਨ

ਸੁਹਣੇ ਤੀਰਥਾਂ ਸਮਾਨ ਸਾਨੂੰ ਲੱਗਦਾ,
ਪਿੰਡ ਸਾਡੇ ਸੱਜਣਾਂ ਦਾ।
ਜਿਹੜਾ ਸੁਹਣਿਆਂ ਦੇ ਨਾਲ ਸੁਹਣਾ ਸੱਜਦਾ,
ਪਿੰਡ ਸਾਡੇ ਸੱਜਣਾਂ ਦਾ।

ਆਓ ਮਿੱਤਰਾਂ ਦੇ ਪਿੰਡ ਵਾਲੀ ਮਿੱਟੀ ਨੂੰ,
ਮੁੱਠਾਂ ਭਰ ਭਰ ਹਿੱਕ ਨਾਲ ਲਾ ਲਈਏ।
ਉਹਦੇ ਪਾਣੀ ਤਾਈਂ ਅਮ੍ਰਿਤ ਜਾਣ ਕੇ,
ਬੁੱਕ ਭਰ-ਭਰ ਬੁੱਲ੍ਹਾਂ ਨੂੰ ਛੁਹਾ ਲਈਏ।
ਜਿਹੜਾ ਉਹਦਿਆਂ ਖੂਹਾਂ ਦੇ ਵਿਚ ਵੱਗਦਾ,
ਪਿੰਡ ਸਾਡੇ ਸੱਜਣਾਂ ਦਾ।
ਹੁਣ ਤੀਰਥਾਂ ਸਮਾਨ ਸਾਨੂੰ ਲੱਗਦਾ,
ਪਿੰਡ ਸਾਡੇ ਸੱਜਣਾਂ ਦਾ।
ਜਿਹੜਾ ਸੁਹਣਿਆਂ ਦੇ ਨਾਲ ਸੁਹਣਾ ਸੱਜਦਾ,
ਪਿੰਡ ਸਾਡੇ ਸੱਜਣਾਂ ਦਾ।

ਦੋ ਸਾਡੀਆਂ ਮਲੂਕ ਜਹੀ ਅੱਖੀਆਂ,
ਦੋਵੇਂ ਓਸ ਦੇ ਦੀਦਾਰ ਦੀਆਂ ਭੁੱਖੀਆਂ।
ਹੋਣ ਪੂਰੀਆਂ ਇਹ ਓਸ ਦੇ ਦੁਆਰਿਓਂ,
ਆਸਾਂ ਜੋ ਵੀ ਅਸਾਂ ਦਿਲ ਵਿਚ ਰੱਖੀਆਂ।
ਸਾਨੂੰ ਜਾਪਦਾ ਦੁਆਰਾ ਸੱਚੇ ਰੱਬ ਦਾ,
ਪਿੰਡ ਸਾਡੇ ਸੱਜਣਾਂ ਦਾ।
ਹੁਣ ਤੀਰਥਾਂ ਸਮਾਨ ਸਾਨੂੰ ਲੱਗਦਾ,
ਪਿੰਡ ਸਾਡੇ ਸੱਜਣਾਂ ਦਾ।
ਜਿਹੜਾ ਸੁਹਣਿਆਂ ਦੇ ਨਾਲ ਸੁਹਣਾ ਸੱਜਦਾ,
ਪਿੰਡ ਸਾਡੇ ਸੱਜਣਾਂ ਦਾ।

ਉਹਦੀ ਫਿਰਨੀ ਦਾ ਗੋਡੇ ਗੋਡੇ ਘੱਟਾ ਵੀ,
ਲੋਕੋ ਪਾਊਡਰ ਸਮਾਨ ਅਸਾਂ ਮੰਨਿਆ।
ਚੰਗੀ ਲੱਗਦੀ ਏ ਚਿੱਟੀ ਜਿਹੀ ਦੁਪਹਿਰ ਵੀ,
ਭਾਵੇਂ ਜਾਂਦਾ ਏ ਸਰੀਰ ਸਾਡਾ ਭੁੰਨਿਆ।
ਉਹਦੇ ਨੈਣਾਂ 'ਚ ਨਜ਼ਾਰਾ ਸਾਰੇ ਜੱਗ ਦਾ,
ਪਿੰਡ ਸਾਡੇ ਸੱਜਣਾਂ ਦਾ।
ਹੁਣ ਤੀਰਥਾਂ ਸਮਾਨ ਸਾਨੂੰ ਲੱਗਦਾ,
ਪਿੰਡ ਸਾਡੇ ਸੱਜਣਾਂ ਦਾ।
ਜਿਹੜਾ ਸੁਹਣਿਆਂ ਦੇ ਨਾਲ ਸੁਹਣਾ ਸੱਜਦਾ,
ਪਿੰਡ ਸਾਡੇ ਸੱਜਣਾਂ ਦਾ।

ਬੈਠੇ ਰਾਹਾਂ ਮੱਲੀ ਲੱਖਾਂ ਸੂਲਾਂ ਰੋੜੇ ਨੇ,
ਪੈਰੀਂ ਚੁੱਭਦੇ ਤਾਂ ਪੀੜ ਮਿੱਠੀ ਲੱਗਦੀ।
ਜੇ ਵੇਖ ਲਈਏ ਸੱਜਣਾਂ ਦੇ ਮੁੱਖ ਨੂੰ,
ਸਾਨੂੰ ਨੇੜਿਓਂ ਖੁਦਾਈ ਡਿੱਠੀ ਲੱਗਦੀ।
ਸਾਨੂੰ ਪੈਂਦਾ ਏ ਭੁਲੇਖਾ ਸੁਹਣੀ ਪੱਗ ਦਾ,
ਪਿੰਡ ਸਾਡੇ ਸੱਜਣਾਂ ਦਾ।
ਹੁਣ ਤੀਰਥਾਂ ਸਮਾਨ ਸਾਨੂੰ ਲੱਗਦਾ,
ਪਿੰਡ ਸਾਡੇ ਸੱਜਣਾਂ ਦਾ।
ਜਿਹੜਾ ਸੁਹਣਿਆਂ ਦੇ ਨਾਲ ਸੁਹਣਾ ਸੱਜਦਾ,
ਪਿੰਡ ਸਾਡੇ ਸੱਜਣਾਂ ਦਾ।

ਹੁਣ ਤੀਰਥਾਂ ਸਮਾਨ ਸਾਨੂੰ ਲੱਗਦਾ,
ਪਿੰਡ ਸਾਡੇ ਸੱਜਣਾਂ ਦਾ।
ਜਿਹੜਾ ਸੁਹਣਿਆਂ ਦੇ ਨਾਲ ਸੁਹਣਾ ਸੱਜਦਾ,
ਪਿੰਡ ਸਾਡੇ ਸੱਜਣਾਂ ਦਾ।

•



## ਇਹ ਆਜ਼ਾਦੀ ਹੈ ਮੇਰੀ ਦਾਦੀ ਬੁੱਢੀ ਠੇਰੀ ਹੋਈ

ਇਹ ਆਜ਼ਾਦੀ ਹੈ ਮੇਰੀ ਦਾਦੀ ਬੁੱਢੀ ਠੇਰੀ ਹੋਈ।
ਪੁੱਤ ਪੋਤੇ ਦਾ ਹਾਲ ਵੇਖ ਕੇ ਜਿਹੜੀ ਫੁੱਟ ਫੁੱਟ ਰੋਈ।

ਜੰਮਣੋਂ ਪਹਿਲਾਂ ਵੀਰੇ ਮਰ ਗਏ, ਜੰਮਦਿਆਂ ਮਰ ਗਏ ਮਾਪੇ।
ਸੁਹਾਗ ਰਾਤ ਨੂੰ ਹੋ ਗਈ ਰੰਡੀ, ਜਿੰਦ ਨੂੰ ਪਏ ਸਿਆਪੇ।
ਲਹੂ ਦੇ ਘੁੱਟ ਭਰ ਭਰ ਕੇ ਰਹਿ ਗਈ, ਨਾ ਜਿਉਂਦੀ ਨਾ ਮੋਈ।
ਇਹ ਆਜ਼ਾਦੀ ਹੈ ਮੇਰੀ ਦਾਦੀ ਬੁੱਢੀ ਠੇਰੀ ਹੋਈ।
ਪੁੱਤ ਪੋਤੇ ਦਾ ਹਾਲ ਵੇਖ ਕੇ ਜਿਹੜੀ ਫੁੱਟ ਫੁੱਟ ਰੋਈ।

ਜਾਇਆਂ ਹੱਥੋਂ ਜਖ਼ਮੀ ਮਾਤਾ ਆਪਣਾ ਝਾਟਾ ਪੁੱਟੇ।
ਅਪਣੇ ਹੱਥੀਂ ਬਾਬਲ ਏਥੇ ਧੀ ਦੀ ਇੱਜ਼ਤ ਲੁੱਟੇ।
ਧੀ ਦੀ ਡੋਲੀ ਮਾਂ ਸਾੜੇ ਨਾ ਭੈਣ ਭੈਣ ਦੀ ਹੋਈ।
ਇਹ ਆਜ਼ਾਦੀ ਹੈ ਮੇਰੀ ਦਾਦੀ ਬੁੱਢੀ ਠੇਰੀ ਹੋਈ।
ਪੁੱਤ ਪੋਤੇ ਦਾ ਹਾਲ ਵੇਖ ਕੇ ਜਿਹੜੀ ਫੁੱਟ ਫੁੱਟ ਰੋਈ।

ਹਿੰਸਾ ਦੇ ਪੁੱਤਰਾਂ ਆਜ਼ਾਦੀ ਪੈਰਾਂ ਦੇ ਵਿਚ ਰੋਲੀ।
ਸਰਹੱਦਾਂ ਤੇ ਵੀਰ ਵੀਰ ਦੇ ਲਹੂ ਸੰਗ ਖੇਡਣ ਹੋਲੀ।
ਘੱਲੂਘਾਰੇ ਹਿੱਕ ਤੇ ਸਹਿੰਦੀ ਆਂਦਰ ਆਂਦਰ ਹੋਈ।
ਇਹ ਆਜ਼ਾਦੀ ਹੈ ਮੇਰੀ ਦਾਦੀ ਬੁੱਢੀ ਠੇਰੀ ਹੋਈ।
ਪੁੱਤ ਪੋਤੇ ਦਾ ਹਾਲ ਵੇਖ ਕੇ ਜਿਹੜੀ ਫੁੱਟ ਫੁੱਟ ਰੋਈ।

ਦੁੱਧ ਦੀ ਥਾਂ ਇਹਦੀ ਛਾਤੀ 'ਤੇ ਨਸ਼ਿਆਂ ਦੀ ਖੇਤੀ ਹੋਵੇ।
ਅਮਲੀ ਪੁੱਤਾਂ ਦੀਆਂ ਲਾਸ਼ਾਂ ਬੁਢੜੀ ਪਿੱਠ ਤੇ ਢੋਵੇ।
ਚੌਰਾਹੇ ਵਿਚ ਹੋ ਗਈ ਨੰਗੀ ਲਹਿ ਗਈ ਸ਼ਰਮ ਦੀ ਲੋਈ।
ਇਹ ਆਜ਼ਾਦੀ ਹੈ ਮੇਰੀ ਦਾਦੀ ਬੁੱਢੀ ਠੇਰੀ ਹੋਈ।
ਪੁੱਤ ਪੋਤੇ ਦਾ ਹਾਲ ਵੇਖ ਕੇ ਜਿਹੜੀ ਫੁੱਟ ਫੁੱਟ ਰੋਈ।

ਭੁੱਖਾ ਮਰਦਾ ਹੈ ਅੰਨਦਾਤਾ ਕਰਜ਼ ਦੀ ਸੂਲੀ ਚੜ੍ਹਦਾ।
ਮੇਰੇ ਦੇਸ਼ ਦਾ ਦੁਸ਼ਮਣ ਨੇਤਾ ਅਪਣਾ ਹੀ ਢਿੱਡ ਭਰਦਾ।
ਜਿਉਂ ਜੰਮੀ ਇਹ ਬੋਦੀਓਂ ਲੰਮੀ ਕਿਤੇ ਮਿਲੇ ਨਾ ਢੋਈ।
ਇਹ ਆਜ਼ਾਦੀ ਹੈ ਮੇਰੀ ਦਾਦੀ ਬੁੱਢੀ ਠੇਰੀ ਹੋਈ।
ਪੁੱਤ ਪੋਤੇ ਦਾ ਹਾਲ ਵੇਖ ਕੇ ਜਿਹੜੀ ਫੁੱਟ ਫੁੱਟ ਰੋਈ।

ਇਹ ਆਜ਼ਾਦੀ ਹੈ ਮੇਰੀ ਦਾਦੀ ਬੁੱਢੀ ਠੇਰੀ ਹੋਈ।
ਪੁੱਤ ਪੋਤੇ ਦਾ ਹਾਲ ਵੇਖ ਕੇ ਜਿਹੜੀ ਫੁੱਟ ਫੁੱਟ ਰੋਈ।
•



## ਇੱਕ ਬੂਟਾ ਲਾਈਏ

ਆਓ ਰਲ ਮਿਲ ਸਾਥੀਓ ਇਕ ਬੂਟਾ ਲਾਈਏ।
ਇਹ ਜਾਤਾਂ ਦੇ ਸਭ ਭੇਦ ਵੀ ਜੜ੍ਹੋਂ ਮਿਟਾਈਏ।

ਇਸ ਰੰਗਲੇ ਖ਼ੂਨ ਪਸੀਨੇ ਨਾਲ ਇਹ ਨੂੰ ਸਿੰਜਦੇ ਰਹੀਏ।
ਤੇ ਇਸ ਦੀਆਂ ਖ਼ੈਰਾਂ ਧਰਤੀ ਤੋਂ ਨਿੱਤ ਮੰਗਦੇ ਰਹੀਏ।
ਇਹਦੀ ਸੰਘਣੀ ਛਾਂ ਵੀ ਮਾਣੀਏ, ਮਿੱਠਾ ਫਲ ਖਾਈਏ।
ਆਓ ਰਲ ਮਿਲ ਸਾਥੀਓ ਇਕ ਬੂਟਾ ਲਾਈਏ।

ਇਕ ਸੂਰਜ ਹੀ ਚਮਕੇ ਜੇ ਮਿਟ ਜਾਣ ਹਨ੍ਹੇਰੇ।
ਚੰਨ ਤੇ ਸੂਰਜ ਸਭ ਦੇ ਨੇ ਤੇਰੇ ਨਾ ਮੇਰੇ।
ਜੇ ਚਾਹੀਏ ਤਾਂ ਅੰਬਰੋਂ ਇਹ ਤੋੜ ਲਿਆਈਏ।
ਆਓ ਰਲ ਮਿਲ ਸਾਥੀਓ ਇਕ ਬੂਟਾ ਲਾਈਏ।

ਕਿਉਂ ਗੁੱਝੇ ਰਹਿੰਦੇ ਦੁੱਖ ਨੇ ਕਿਉਂ ਛੁਪ ਗਏ ਹੱਸਣੇ।
ਰੰਗ ਵੀ ਫਿੱਕੇ ਪੈ ਗਏ ਜਜ਼ਬਾਤੋਂ ਸੱਖਣੇ।
ਆਓ ਦੁੱਖ ਸੁੱਖ ਵੰਡੀਏ ਨਿੱਤ ਈਦ ਮਨਾਈਏ।
ਆਓ ਰਲ ਮਿਲ ਸਾਥੀਓ ਇਕ ਬੂਟਾ ਲਾਈਏ।

ਨਹੀਂ ਵੱਖਰਾ ਰੰਗ ਇਹ ਸਾਹਾਂ ਦਾ ਲੈ ਵੇਖ ਹਵਾਵਾਂ।
ਚਲਣਾ ਇੱਕੋ ਚਾਲ ਪਾ ਬਾਹਾਂ ਵਿਚ ਬਾਹਾਂ।
ਸਾਨੂੰ ਮਿਲੀਆਂ ਰੱਬ ਦੀਆਂ ਬਰਕਤਾਂ ਉਹਦਾ ਸ਼ੁਕਰ ਮਨਾਈਏ।
ਆਓ ਰਲ ਮਿਲ ਸਾਥੀਓ ਇਕ ਬੂਟਾ ਲਾਈਏ।

ਰੱਜ ਰੱਜ ਮਾਣੋ ਹੁਸਨ ਪਿਆ ਕੁਦਰਤ ਦਾ ਡੁੱਲ੍ਹਦਾ।
ਇਹ ਜਿਸ ਜਿਸ ਨੇ ਵੀ ਮਾਣਿਆਂ ਉਹਨੂੰ ਨਹੀਂ ਭੁੱਲਦਾ।
ਇਹ ਫੁੱਲ ਅਨਮੋਲ ਖਜ਼ਾਨਾ ਏ ਇਹ ਨੂੰ ਹੱਥ ਨਾ ਲਾਈਏ।
ਆਓ ਰਲ ਮਿਲ ਸਾਥੀਓ ਇਕ ਬੂਟਾ ਲਾਈਏ।

ਆਓ ਰਲ ਮਿਲ ਸਾਥੀਓ ਇਕ ਬੂਟਾ ਲਾਈਏ।
ਆਓ ਰਲ ਮਿਲ ਸਾਥੀਓ ਇਕ ਬੂਟਾ ਲਾਈਏ।
•

## ਮਾਂਵਾਂ

ਮਾਂਵਾਂ ਇਹ ਮਾਂਵਾਂ ਠੰਡੀਆਂ ਛਾਂਵਾਂ।
ਰੱਬ ਤੋਂ ਉੱਚੀਆ ਇਨ੍ਹਾਂ ਦੀਆਂ ਥਾਂਵਾਂ।

ਇਕ ਮਾਂ ਮੇਰੀ ਧਰਤੀ ਮਾਂ ਹੈ, ਸਵਰਗਾਂ ਤੋਂ ਉੱਚੀ।
ਘੋਰ ਪਾਪਾਂ ਦਾ ਭਾਰ ਏਸ 'ਤੇ, ਇਹ ਮਾਂ ਫਿਰ ਸੁੱਚੀ ਦੀ ਸੁੱਚੀ।
ਪਿੰਡੇ ਤੇ ਕੰਡਿਆਲੀਆਂ ਤਾਰਾਂ, ਛਾਤੀ ਜਖ਼ਮਾਂ ਨਾਲ ਪਰੁੱਚੀ।
ਬੰਬਾਂ ਵਾਲਿਓ ਤੋਪਾਂ ਵਾਲਿਓ, ਸੁਣ ਲਉ ਇਸ ਦੇ ਹੌਕੇ ਹਾਵਾਂ।
ਮਾਂਵਾਂ ਇਹ ਮਾਂਵਾਂ ਠੰਡੀਆਂ ਛਾਂਵਾਂ।

ਇਕ ਮਾਂ ਮੇਰੀ ਔਰਤ ਮਾਂ ਹੈ ਜਣਿਆ ਜਿਸ ਜੱਗ ਸਾਰਾ।
ਸੂਫੀ ਸੰਤ ਫਕੀਰ ਜਣੇ ਨੇ ਜਣਿਆ ਨਾਨਕ ਗੋਬਿੰਦ ਪਿਆਰਾ।
ਇਸ ਮਾਂ ਦੀ ਜੋ ਕਦਰ ਨਾ ਜਾਣੇ, ਸਾਰੀ ਉਮਰ ਰਹੇ ਦੁਖਿਆਰਾ।
ਇਹ ਮਾਂ ਹੈ ਮਮਤਾ ਦੀ ਮੂਰਤ, ਮੈਂ ਇਸ ਮਾਂ ਦੇ ਸਦਕੇ ਜਾਂਵਾਂ।
ਮਾਂਵਾਂ ਇਹ ਮਾਂਵਾਂ ਠੰਡੀਆਂ ਛਾਂਵਾਂ।

ਇਕ ਮਾਂ ਮੇਰੀ ਮਾਂ ਬੋਲੀ ਹੈ, ਗੁਰੂਆਂ ਪੀਰਾਂ ਵਾਲੀ।
ਫੁੱਲਾਂ ਵਰਗੀ ਗੁੜ ਤੋਂ ਮਿੱਠੀ, ਰਾਂਝਿਆਂ ਹੀਰਾਂ ਵਾਲੀ।
ਇਸ ਮਾਂ ਦਿੱਤੀ ਉੱਚੀ ਵਿੱਦਿਆ, ਵਾਰਿਸ, ਮੀਰਾਂ ਵਾਲੀ।
ਇਸ ਮਾਂ ਸੰਗ ਜੋ ਕਰੇ ਗ਼ਦਾਰੀ, ਜੀਏ ਨਿਥਾਂਵਾਂ ਮਰੇ ਨਿਥਾਂਵਾਂ।
ਮਾਂਵਾਂ ਇਹ ਮਾਂਵਾਂ ਠੰਡੀਆਂ ਛਾਂਵਾਂ।

•



## ਬਾਬਲ ਮੇਰਾ ਕਾਜ ਰਚਾਇਆ

ਬਾਬਲ ਮੇਰਾ ਕਾਜ ਰਚਾਇਆ।
ਮਾਂ ਮੇਰੀ ਨੇ ਸ਼ੁਕਰ ਮਨਾਇਆ।

ਪੁੱਤਰਾਂ ਵਾਂਗਰ ਲਾਡ ਲਡਾਏ।
ਪੈਣ ਨਾ ਦਿੱਤੇ ਗਮ ਦੇ ਸਾਏ।
ਮਿਹਨਤ ਅਪਣੀ ਗਹਿਣੇ ਪਾ ਕੇ,
ਮਾਪਿਆਂ ਮੈਨੂੰ ਖ਼ੂਬ ਪੜ੍ਹਾਇਆ।
ਬਾਬਲ ਮੇਰਾ ਕਾਜ ਰਚਾਇਆ।
ਮਾਂ ਮੇਰੀ ਨੇ ਸ਼ੁਕਰ ਮਨਾਇਆ।

ਮੇਰੇ ਸਿਰ 'ਤੇ ਚੜ੍ਹੀ ਜਵਾਨੀ।
ਖ਼ਾਅਬ 'ਚ ਆਵੇ ਦਿਲ ਦਾ ਜਾਨੀ।
ਪੜ੍ਹਿਆ ਇਕ ਅਖ਼ਬਾਰ ਦੇ ਵਿਚੋਂ,
ਸਾਕ ਕੈਨੇਡਾ ਵਾਲਾ ਭਾਇਆ।
ਬਾਬਲ ਮੇਰਾ ਕਾਜ ਰਚਾਇਆ।
ਮਾਂ ਮੇਰੀ ਨੇ ਸ਼ੁਕਰ ਮਨਾਇਆ।

ਝੱਟ ਮੰਗਣੀ ਪਟ ਵਿਆਹ ਦੀ ਤਿਆਰੀ।
ਫੋਨ ਤੇ ਸੱਦ ਲਈ ਰਿਸ਼ਤੇਦਾਰੀ।
ਪੈਲਿਸ ਖਾਣਾ, ਗਹਿਣਾ ਗੱਟਾ,
ਸਭ ਖਰਚੇ ਨੇ ਨੰਗ ਕਰਾਇਆ।
ਬਾਬਲ ਮੇਰਾ ਕਾਜ ਰਚਾਇਆ।
ਮਾਂ ਮੇਰੀ ਨੇ ਸ਼ੁਕਰ ਮਨਾਇਆ।

ਮਜ਼ਾ ਨਾ ਕੋਈ ਨਾ ਸੁਰ ਸੁਆਦ।
ਢੁੱਕੀ ਜੰਞ ਦੁਪਹਿਰੋਂ ਬਾਅਦ।
ਨਾਚ ਗਾਣਿਆ ਸ਼ੋਰ ਮਚਾਇਆ।
ਤੀਜੇ ਪਹਿਰ ਅਨੰਦ ਪੜ੍ਹਾਇਆ।
ਬਾਬਲ ਮੇਰਾ ਕਾਜ ਰਚਾਇਆ।
ਮਾਂ ਮੇਰੀ ਨੇ ਸ਼ੁਕਰ ਮਨਾਇਆ।

ਡੋਲੀ ਵੇਲੇ ਨਾ ਰੋਂਦਿਆ ਦਿੱਸਿਆ।
ਕਰਜ਼ੇ ਵਿੰਨ੍ਹਿਆ ਬਾਬਲ ਫਿੱਸਿਆ।
ਸਭ ਤੇ ਭਾਰੂ ਹੋਇਆ ਕੈਨੇਡਾ,
ਵੀਰ ਨੇ ਹੱਸ ਕੇ ਡੋਲੀ ਪਾਇਆ।
ਬਾਬਲ ਮੇਰਾ ਕਾਜ ਰਚਾਇਆ।
ਮਾਂ ਮੇਰੀ ਨੇ ਸ਼ੁਕਰ ਮਨਾਇਆ।

ਬਾਬਲ ਸਿਰ ਤੋਂ ਲਾਹਿਆ ਭਾਰ।
ਪੈਲੀ ਵੇਚ ਕੇ ਦਿੱਤੀ ਕਾਰ।
ਖ਼ੂਬ ਕੈਨੇਡਾ ਵਾਲੇ ਘੁੰਮੇ,
ਆਖਿਰ ਅਪਣਾ ਰੰਗ ਵਿਖਾਇਆ।
ਬਾਬਲ ਮੇਰਾ ਕਾਜ ਰਚਾਇਆ।
ਮਾਂ ਮੇਰੀ ਨੇ ਸ਼ੁਕਰ ਮਨਾਇਆ।

ਸੀ ਦੁਹਾਜੂ ਸਿਰ ਦਾ ਸਾਈਂ।
ਵੱਡੀ ਉਮਰ ਤੇ ਘੱਟ ਪੜ੍ਹਾਈ।
ਉਹਦੇ ਲਾਲਚ ਕਮਲੀ ਕੀਤਾ,
ਬਾਬਲ ਮੇਰਾ ਸਮਝ ਨਾ ਪਾਇਆ।
ਬਾਬਲ ਮੇਰਾ ਕਾਜ ਰਚਾਇਆ,
ਮਾਂ ਮੇਰੀ ਨੇ ਸ਼ੁਕਰ ਮਨਾਇਆ।



ਲੁੱਟ ਪੁੱਟ ਮੈਨੂੰ ਉੱਡ ਗਿਆ ਭੌਰਾ।
ਜਿੰਦ ਮੇਰੀ ਨੂੰ ਲੱਗਿਆ ਝੋਰਾ।
ਨਾਲ ਲਿਜਾਣ ਦਾ ਵਾਅਦਾ ਕਰਕੇ,
ਐਸਾ ਉੱਡਿਆ ਫਿਰ ਨਾ ਆਇਆ।
ਬਾਬਲ ਮੇਰਾ ਕਾਜ ਰਚਾਇਆ।
ਮਾਂ ਮੇਰੀ ਨੇ ਸ਼ੁਕਰ ਮਨਾਇਆ।

ਮੈਂ ਰੋ ਰੋ ਕੇ ਹੋ ਗਈ ਪਾਣੀ।
ਉਹ ਨਹੀਂ ਸੀ ਮੇਰੀ ਰੂਹ ਦਾ ਹਾਣੀ।
ਵਿਚ ਉਡੀਕਾਂ ਉਮਰ ਲੰਘਾਈ।
ਰੂਹ ਦਾ ਹਾਣ ਵੀ ਗਿਆ ਵਿਆਹਿਆ।
ਬਾਬਲ ਮੇਰਾ ਕਾਜ ਰਚਾਇਆ।
ਮਾਂ ਮੇਰੀ ਨੇ ਸ਼ੁਕਰ ਮਨਾਇਆ।

•

# ਮੈਂ ਅੱਜ ਦਾ ਦਿਨ ਤੇਰੇ ਕੋਲ ਮਾਂ

ਮੈਂ ਅੱਜ ਦਾ ਹੀ ਦਿਨ ਤੇਰੇ ਕੋਲ ਮਾਂ,
ਮੈਨੂੰ ਭਲਕੇ ਵਿਆਹ ਕੇ ਲੈ ਜਾਣਗੇ।
ਐਸੀ ਵਕਤ ਨੇ ਹੀ ਖਿੱਚਣੀ ਲਕੀਰ
ਹੁਣ ਮਾਂ ਧੀ 'ਚ ਵਿਛੋੜੇ ਪੈ ਜਾਣਗੇ।

ਮੇਰੇ ਗੀਤ ਵੀ ਸੁਹਾਗ ਦੇ ਹੈ ਗਾ ਰਿਹਾ,
ਸਾਡੇ ਵਿਹੜੇ ਵਿਚ ਬੈਠਾ ਹੋਇਆ ਮੇਲ ਨੀਂ।
ਕਿੰਨ੍ਹੇ ਜੰਮੀਆਂ ਤੇ ਕਿੰਨ੍ਹੇ ਲੈ ਜਾਣੀਆਂ,
ਜ਼ਰਾ ਵੇਖ ਡਾਹਢੇ ਰੱਬ ਦੇ ਇਹ ਖੇਲ ਨੀਂ।
ਮੇਰੇ ਵੀਰਾਂ ਨੇ ਵੀ ਰੋਕ ਨਹੀਂ ਸਕਣਾ,
ਜਦੋਂ ਜ਼ੋਰਾਵਰ ਖੋਹ ਕੇ ਲੈ ਜਾਣਗੇ।
ਐਸੀ ਵਕਤ ਨੇ ਹੈ ਖਿੱਚਣੀ ਲਕੀਰ ਹੁਣ,
ਮਾਂ ਧੀ 'ਚ ਵਿਛੋੜੇ ਪੈ ਜਾਣਗੇ।

ਅੱਜ ਮੇਰਾ ਮਾਮਾ ਵੀ ਕਾਹਲਾ ਪੈ ਗਿਆ,
ਮੇਰੇ ਚੂੜੇ ਤਾਈਂ ਮੇਰੇ ਹੱਥੀਂ ਪਾਉਣ ਨੂੰ।
ਲੋਕੀਂ ਦੇਂਦੇ ਨੇ ਵਧਾਈਆਂ ਸਾਨੂੰ ਐਪਰਾਂ,
ਮੇਰਾ ਜੀ ਕਰੇ ਉੱਚੀ ਉੱਚੀ ਰੋਣ ਨੂੰ।
ਮੈਂ ਜੋ ਸੱਤ ਰੰਗੇ ਸੁਫਨੇ ਸਜਾਏ ਸੀ,
ਸਾਰੇ ਰੇਤ ਦੇ ਇਹ ਮਹਿਲ ਢਹਿ ਜਾਣਗੇ।
ਐਸੀ ਵਕਤ ਨੇ ਹੈ ਖਿੱਚਣੀ ਲਕੀਰ ਹੁਣ,
ਮਾਂ ਧੀ 'ਚ ਵਿਛੋੜੇ ਪੈ ਜਾਣਗੇ।



ਮੇਰੇ ਹੱਥਾਂ ਵਿਚ ਮਹਿੰਦੀ ਲਾਉਣ ਵਾਲਿਓ,
ਮੇਰੇ ਦਿਲ ਦੀ ਇਹ ਆਸ ਪੁਗਾ ਦਿਓ।
ਛੋਟੀ ਹੁੰਦੀ ਦੀਆਂ ਸਖੀਆਂ ਸਹੇਲੀਆਂ,
ਇਕ ਵਾਰੀ ਮੇਰੇ ਨਾਲ ਮਿਲਾ ਦਿਓ।
ਮੇਰੇ ਗੁੱਡੀਆਂ ਪਟੋਲੇ ਮੇਰੇ ਲਾਡਲੇ,
ਮੈਨੂੰ ਜਾਂਦੀ ਵੇਖ ਰੋਂਦੇ ਰਹਿ ਜਾਣਗੇ।
ਐਸੀ ਵਕਤ ਨੇ ਹੈ ਖਿੱਚਣੀ ਲਕੀਰ ਹੁਣ,
ਮਾਂ ਧੀ 'ਚ ਵਿਛੋੜੇ ਪੈ ਜਾਣਗੇ।

•

## ਤੇਰੇ ਜਹੇ ਅਮੀਰਾਂ ਦੀ

ਤੇਰੇ ਜਹੇ ਅਮੀਰਾਂ ਦੀ ਹੈ ਗੱਲ ਕੁਝ ਹੋਰ।
ਸਾਡੇ ਜਹੇ ਗਰੀਬਾਂ ਦੀ ਹੈ ਗੱਲ ਕੁਝ ਹੋਰ।

ਤੂੰ ਤਾਂ ਬਾਦਸ਼ਾਹ ਏਂ ਅਸੀਂ ਤੇਰੀ ਹਾਂ ਪੁਸ਼ਾਕ।
ਦੂਰ ਮੜ੍ਹੀਆਂ ਚੋਂ ਆਈ ਮੁਰਦਿਆਂ ਦੀ ਖ਼ਾਕ।
ਮੁੱਠ ਵਿਚ ਤੇਰੀ ਮੇਰੇ ਹੱਥ ਦੀ ਲਕੀਰ,
ਖੋਟਿਆਂ ਨਸੀਬਾਂ ਦੀ ਹੈ ਗੱਲ ਕੁਝ ਹੋਰ।
ਸਾਡੇ ਜਹੇ ਗਰੀਬਾਂ ਦੀ ਹੈ ਗੱਲ ਕੁਝ ਹੋਰ।

ਉੱਤੇ ਸੋਨੇ ਦਾ ਹੈ ਫੱਟਾ ਤੇਰੀ ਰੇਸ਼ਮੀ ਹੈ ਪੀਂਘ।
ਸਾਡਾ ਸੂਲਾਂ ਦਾ ਵਿਛਾਉਣਾ ਸਾਨੂੰ ਕਿੱਥੇ ਆਉਣੀ ਨੀਂਦ।
ਤੇਰੇ ਚਾਅ ਨੂੰ ਲਗਦੇ ਨੇ ਰੋਜ਼ ਚਾਰ ਚੰਨ,
ਦਿਲ ਦੇ ਹਬੀਬਾਂ ਦੀ ਹੈ ਗੱਲ ਕੁਝ ਹੋਰ।
ਸਾਡੇ ਜਹੇ ਗਰੀਬਾਂ ਦੀ ਹੈ ਗੱਲ ਕੁਝ ਹੋਰ।

ਤੂੰ ਜਾਂ ਪੂਜੇ ਹੀਰੇ ਮੋਤੀ ਸਾਡੇ ਕੋਲ ਨਾ ਸਬੱਬ।
ਤੇਰੇ ਵੱਲ ਹੈ ਖ਼ੁਦਾਈ ਸਾਡਾ ਰੁੱਸ ਗਿਆ ਰੱਬ।
ਤੇਰੇ ਚਾਹੁਣ ਵਾਲਿਆਂ ਦਾ ਅਪਣਾ ਪਸਾਰਾ,
ਤੇ ਸਾਡਿਆਂ ਰਕੀਬਾਂ ਦੀ ਹੈ ਗੱਲ ਕੁਝ ਹੋਰ।
ਸਾਡੇ ਜਹੇ ਗਰੀਬਾਂ ਦੀ ਹੈ ਗੱਲ ਕੁਝ ਹੋਰ।

ਤੇਰੀ ਅੱਥਰੀ ਜਵਾਨੀ ਸਾਡੇ ਭਾਅ ਦਾ ਸਰਾਪ।
ਮੁੱਲ ਪਿਆਰ ਦਾ ਨਾ ਜਾਣੇਂ, ਅਸੀਂ ਵਿਕ ਜਾਈਏ ਆਪ
ਪਿਆਰ ਵਿਚ ਮਿੱਠੀ ਹੁੰਦੀ ਮਿੱਠੀ ਮਿੱਠੀ ਗੱਲ,
ਸੂਲੀਆਂ ਸਲੀਬਾਂ ਦੀ ਹੈ ਗੱਲ ਕੁਝ ਹੋਰ।
ਸਾਡੇ ਜਹੇ ਗਰੀਬਾਂ ਦੀ ਹੈ ਗੱਲ ਕੁਝ ਹੋਰ।

•



## ਵੇ ਡਾਕੀਆ ਡਾਕ ਵੰਡੇਦਿਆ

ਵੇ ਡਾਕੀਆ ਡਾਕ ਵੰਡੇਦਿਆਂ, ਜਾ ਤੂੰ ਪਰਦੇਸ ਵੀ ਜਾ।
ਮੈਂ ਚਿੱਠੀ ਲਿਖੀ ਹੈ ਲਹੂ ਨਾਲ, ਮੇਰੇ ਵੀਰੇ ਨੂੰ ਦੇ ਆ।

ਉਹ ਜਦ ਦਾ ਗਿਆ ਨਾ ਦੱਸਿਆ, ਖੋਰੇ ਵੱਸਦਾ ਕਿਹੜੇ ਹਾਲ।
ਲੈ ਕਰਜ਼ੇ ਦੇ ਖੰਭ ਉੱਡਿਆ, ਹੈ ਪੰਛੀ ਕਿਹੜੇ ਜਾਲ।
ਮੈਂ ਲਿਖ ਲਿਖ ਚਿੱਠੀਆਂ ਹੰਭ ਗਈ, ਉਹਦਾ ਲਗੇ ਨਾ ਥਹੁ ਪਤਾ।
ਵੇ ਡਾਕੀਆ ਡਾਕ ਵੰਡੇਦਿਆਂ, ਜਾ ਤੂੰ ਪਰਦੇਸ ਵੀ ਜਾ।

ਮੈਂ ਜਦ ਦੀ ਵਿਆਹੀ ਵੀਰਨਾ, ਦੇ ਥੱਕਿਆ ਬਾਬਲ ਦਾਜ।
ਸਹੁਰੇ ਤਾਂ ਵੀ ਕੁੱਟਦੇ-ਮਾਰਦੇ, ਨਹੀਂ ਜ਼ੁਲਮ, ਤੋਂ ਆਉਂਦੇ ਬਾਜ।
ਮੈਨੂੰ ਧੀ ਸਮੇਤ ਘਰੋਂ ਕੱਢਿਆ, ਅਖੇ ਜੰਮ ਕੇ ਪੁੱਤ ਵਿਖਾ।
ਵੇ ਡਾਕੀਆ ਡਾਕ ਵੰਡੇਦਿਆਂ, ਜਾ ਤੂੰ ਪਰਦੇਸ ਵੀ ਜਾ।

ਛੋਟਾ ਵੀਰ ਪੜਾਕੂ ਤੇਰਾ ਲਾਡਲਾ, ਹੁਣ ਤਕ ਵੀ ਹੈ ਬੇਰੁਜ਼ਗਾਰ।
ਉਹਨੂੰ ਪਲ ਪਲ ਪੈਂਦੀਆਂ ਦੰਦਲਾਂ, ਉਹ ਨੂੰ ਪਈ ਨਸ਼ਿਆਂ ਦੀ ਮਾਰ।
ਭੁੱਖੇ ਰਹਿ ਕੇ ਕਮਾਈਆਂ ਡਿਗਰੀਆਂ ਦੀ, ਉਹਨੇ ਦਿੱਤੀ ਪੰਡ ਜਲਾ।
ਵੇ ਡਾਕੀਆ ਡਾਕ ਵੰਡੇਦਿਆਂ, ਜਾ ਤੂੰ ਪਰਦੇਸ ਵੀ ਜਾ।

ਵਿਕੇ ਖੇਤ ਤੇ ਮੱਝੀਆਂ ਬੂਰੀਆਂ, ਬਾਪੂ ਕਰੀ ਮਜੂਰੀ ਸ਼ਹਿਰ।
ਸਗੋਂ ਦੂਣਾ ਚੌਣਾ ਹੋ ਗਿਆ, ਨਾ ਮੁੱਕਿਆ ਕਰਜ਼ੇ ਦਾ ਕਹਿਰ।
ਦਿਨ ਰਾਤ ਮਜੂਰੀ ਕਰਦਿਆਂ, ਮਾਂ ਧੀ ਦੇ ਸੁੱਕ ਗਏ ਸਾਹ।
ਵੇ ਡਾਕੀਆ ਡਾਕ ਵੰਡੇਦਿਆਂ, ਜਾ ਤੂੰ ਪਰਦੇਸ ਵੀ ਜਾ।

ਸ਼ਾਹੂਕਾਰਾਂ ਦਲਾਲਾਂ ਕਰਜ਼ੇ ਵਾਲਿਆਂ, ਸਾਡਾ ਘਰ ਵੀ ਕਰਤਾ ਬੈਅ।
ਬਾਪੂ ਕੱਢੀਆਂ ਬੜੀਆਂ ਲਿਲ੍ਹੜੀਆਂ, ਗਈ ਸਿਰ ਤੋਂ ਪਗੜੀ ਲਹਿ।
ਤੇਰੀ ਪਾਗਲ ਹੋ ਗਈ ਅੰਮੜੀ, ਤੇਰੇ ਬਾਪੂ ਲੈ ਲਿਆ ਫਾਹ।
ਵੇ ਡਾਕੀਆ ਡਾਕ ਵੰਡੇਦਿਆਂ, ਜਾ ਤੂੰ ਪਰਦੇਸ ਵੀ ਜਾ।

ਵੇ ਡਾਕੀਆ ਡਾਕ ਵੰਡੇਦਿਆਂ, ਜਾ ਤੂੰ ਪਰਦੇਸ ਵੀ ਜਾ।
ਮੈਂ ਚਿੱਠੀ ਲਿਖੀ ਹੈ ਲਹੂ ਨਾਲ, ਮੇਰੇ ਵੀਰੇ ਨੂੰ ਦੇ ਆ।

•

## ਦੋ ਰੂਹਾਂ ਦਾ ਮੇਲ

ਤੇਰਾ ਮੇਰਾ ਪਿਆਰ ਤਾਂ ਦੋ ਰੂਹਾਂ ਦਾ ਮੇਲ।
ਮਿਲਣ ਅਸਾਡਾ ਨਹੀਂ ਹੈ ਜਿਸਮਾਂ ਦਾ ਹੀ ਖੇਲ।
ਮਿਲਣਾ ਮਿਲਾਣਾ ਸਾਡਾ ਲੋਕ ਨਹੀਓਂ ਜਰਦੇ।
ਤੇਰੇ ਲਈ ਤਰਸਾਂ ਤੂੰ ਸੁੱਚੀ ਸਾਡੀ ਰੂਹ ਭਰਦੇ।

ਚੰਗੀ-ਚੰਗੀ ਲੱਗੇ ਤੇਰੀ ਬਾਹਵਾਂ ਵਾਲੀ ਜੇਹਲ।
ਤੇਰਾ ਮੇਰਾ ਪਿਆਰ ਤਾਂ ਦੋ ਰੂਹਾਂ ਦਾ ਮੇਲ।

ਇਕ ਬਿਰਹਾ ਦੀ ਦੂਜੀ ਜੋਬਨੇ ਦੀ ਅੱਗ ਹੈ।
ਇਕ ਪਾਸੇ ਤੂੰ ਅਤੇ ਇਕ ਪਾਸੇ ਜੱਗ ਹੈ।
ਸ਼ਾਲਾ ਫੁੱਲੇ ਫਲੇ ਮੇਰੇ ਇਸ਼ਕੇ ਦੀ ਵੇਲ।
ਤੇਰਾ ਮੇਰਾ ਪਿਆਰ ਤਾਂ ਦੋ ਰੂਹਾਂ ਦਾ ਮੇਲ।

ਯਾਰ ਨੂੰ ਕੀ ਮਿਹਣਾ ਲੱਖ ਵਾਰੀ ਦਿਲ ਤੋੜਦੇ।
ਮੌਤ ਕੌਣ ਹੁੰਦੀ ਜਿਹੜੀ ਉਹਦੇ ਤੋਂ ਵਿਛੋੜ ਦੇ।
ਅੱਖੀਆਂ ਦੇ ਬੂਹਿਆਂ ਤੇ ਚੋਈ ਰੱਖਾਂ ਤੇਲ।
ਤੇਰਾ ਮੇਰਾ ਪਿਆਰ ਤਾਂ ਦੋ ਰੂਹਾਂ ਦਾ ਮੇਲ।

ਦੁਨੀਆਂ ਵਿਚ ਪਿਆਰ ਲੱਭੇਂ ਤਾਂ ਉਹ ਕੁਲਜੀਤ ਏ।
ਸੱਚਾ ਦਿਲਦਾਰ ਲੱਭੇਂ ਤਾਂ ਉਹ ਕੁਲਜੀਤ ਏ।
ਵਾਅਦੇ ਨੇ ਅਸਾਡੇ ਖਿੜੇ ਫੁੱਲਾਂ ਤੇ ਤ੍ਰੇਲ।
ਤੇਰਾ ਮੇਰਾ ਪਿਆਰ ਤਾਂ ਦੋ ਰੂਹਾਂ ਦਾ ਮੇਲ।

•



## ਕਦੇ ਏਦਾਂ ਨਹੀਂ ਸੀ ਹੋਇਆ

ਦੁੱਧ ਉਬਲ ਕੇ ਚੁੱਲ੍ਹੇ ਵਿਚ ਪੈ ਗਿਆ,
ਮੈਂ ਤਾਂ ਤੇਰਿਆਂ ਖਿਆਲਾਂ ਵਿਚ ਖੋ ਗਈ।
ਕਦੇ ਏਦਾਂ ਨਹੀਂ ਸੀ ਪਹਿਲਾਂ ਹੋਇਆ ਸੋਹਣਿਆਂ,
ਜਿਹੜੀ ਹਾਸੋ ਹੀਣੀ ਨਾਲ ਮੇਰੇ ਹੋ ਗਈ।

ਜਦੋਂ ਨੱਸ ਕੇ ਪਤੀਲਾ ਸੀ ਮੈਂ ਫੜਿਆ।
ਕਾਹਲੀ ਕਾਹਲੀ ਵਿਚ ਹੱਥ ਮੇਰਾ ਸੜਿਆ।
ਮੇਰੇ ਹੱਥਾਂ ਵਿਚੋਂ ਟੁੱਟ ਪੈਣਾ ਛੁੱਟਿਆ।
ਸਾਰਾ ਦੁੱਧ ਮੇਰੇ ਪੈਰਾਂ ਵਿਚ ਰੁੜ੍ਹਿਆ।
ਵੇ ਮੈਂ ਓਥੇ ਬਣ ਪੱਥਰ ਖਲੋ ਗਈ।
ਕਦੇ ਏਦਾਂ ਨਹੀਂ ਸੀ ਪਹਿਲਾਂ ਹੋਇਆ ਸੋਹਣਿਆਂ,
ਜਿਹੜੀ ਹਾਸੋ ਹੀਣੀ ਨਾਲ ਮੇਰੇ ਹੋ ਗਈ।

ਮੇਰੀ ਅੰਮੀ ਨੇ ਵੀ ਝਿੜਕਾਂ ਸੀ ਮਾਰੀਆਂ,
ਨਾਲੇ ਵੀਣੀ ਉੱਤੇ ਘੋਟਨਾ ਵੀ ਵੱਜਿਆ।
ਮੈਂ ਤਾਂ ਇਕ ਦਮ ਸੁੰਨੀ ਜਹੀ ਹੋ ਗਈ,
ਜਦੋਂ ਤੇਰਾ ਦਿੱਤਾ ਗਜਰਾ ਵੀ ਭੱਜਿਆ।
ਇੰਜ ਲੱਗੇ ਮੇਰੀ ਨਜ਼ਰ ਖਲੋ ਗਈ।
ਕਦੇ ਏਦਾਂ ਨਹੀਂ ਸੀ ਪਹਿਲਾਂ ਹੋਇਆ ਸੋਹਣਿਆਂ,
ਜਿਹੜੀ ਹਾਸੋ ਹੀਣੀ ਨਾਲ ਮੇਰੇ ਹੋ ਗਈ।

ਕਿੰਜ ਸੌਂਦੀ ਇਹ ਮਲਾਈਆਂ ਪਾਲੀ ਦੇਹ ਵੇ,
ਦੁੱਧ ਰਾਤ ਨੂੰ ਜੋ ਪੀਣ ਨੂੰ ਨਾ ਜੁੜਿਆ।
ਸਾਰੀ ਰਾਤ 'ਕੁਲਜੀਤ' ਰਹੀ ਸੋਚਦੀ,
ਤੇਰੇ ਬਾਝੋਂ ਮੇਰਾ ਕਿੰਨਾ ਕੁਝ ਥੁੜਿਆ।
ਮੈਂ ਤਾਂ ਸੱਚੀ ਮੁੱਚੀ ਝੱਲੀ ਜਹੀ ਹੋ ਗਈ।
ਕਦੇ ਏਦਾਂ ਨਹੀਂ ਸੀ ਪਹਿਲਾਂ ਹੋਇਆ ਸੋਹਣਿਆਂ,
ਜਿਹੜੀ ਹਾਸੋ ਹੀਣੀ ਨਾਲ ਮੇਰੇ ਹੋ ਗਈ।

ਦੁੱਧ ਉਬਲ ਕੇ ਚੁੱਲ੍ਹੇ ਵਿਚ ਪੈ ਗਿਆ,
ਮੈਂ ਤਾਂ ਤੇਰਿਆਂ ਖਿਆਲਾਂ ਵਿਚ ਖੋ ਗਈ।
ਕਦੇ ਏਦਾਂ ਨਹੀਂ ਸੀ ਪਹਿਲਾਂ ਹੋਇਆ ਸੋਹਣਿਆਂ,
ਜਿਹੜੀ ਹਾਸੋ ਹੀਣੀ ਨਾਲ ਮੇਰੇ ਹੋ ਗਈ।

•



## ਰੱਖੀਂ ਖਿਆਲ ਮੇਰਾ

ਰੱਖੀਂ ਖਿਆਲ ਮੇਰਾ, ਰੱਖੀਂ ਖਿਆਲ ਮੇਰਾ।
ਤੇਰੇ ਹੱਥ ਹਾਲ ਮੇਰਾ, ਰੱਖੀਂ ਖਿਆਲ ਮੇਰਾ।

ਇਹ ਦਰਦ ਦੇ ਸਮੁੰਦਰ ਮੈਥੋਂ ਨ੍ਹੀਂ ਪਾਰ ਹੋਣੇ।
ਔਖੇ ਬੜੇ ਨੇ ਸੱਜਣਾ ਬਿਰਹਾ ਦੇ ਗੀਤ ਗਾਉਣੇ।
ਤੇਰੇ ਬਗੈਰ ਹੋਣਾ ਜੀਣਾ ਮੁਹਾਲ ਮੇਰਾ।
ਰੱਖੀਂ ਖਿਆਲ ਮੇਰਾ, ਰੱਖੀਂ ਖਿਆਲ ਮੇਰਾ।

ਉਸ ਦੀ ਦਵਾ ਏਂ ਤੂੰ ਹੀ ਜਿਸ ਮਰਜ਼ ਦੀ ਮੈਂ ਰੋਗਣ।
ਮੇਰੀ ਸਵੇਰ ਰੋਵੇ ਨਿੱਤ ਸ਼ਾਮ ਹੁੰਦੀ ਸੋਗਣ।
ਏਥੇ ਨਹੀਂ ਹੈ ਗਮ ਦਾ ਕੋਈ ਭਿਆਲ ਮੇਰਾ।
ਰੱਖੀਂ ਖਿਆਲ ਮੇਰਾ, ਰੱਖੀਂ ਖਿਆਲ ਮੇਰਾ।

ਭਰਦੇ ਪਿਆਲਾ ਸਾਕੀ, ਬੁਝ ਜਾਏ ਪਿਆਸ ਮੇਰੀ।
ਗੈਰਾਂ ਦੇ ਪੈਰਾਂ ਹੇਠਾਂ, ਰੁਲ ਜਾਏ ਨਾ ਆਸ ਮੇਰੀ।
ਇਸ ਵਿਚ ਨੇ ਮੇਰੇ ਹੰਝੂ ਲੈ ਜਾ ਰੁਮਾਲ ਮੇਰਾ।
ਰੱਖੀਂ ਖਿਆਲ ਮੇਰਾ, ਰੱਖੀਂ ਖਿਆਲ ਮੇਰਾ।

ਮੇਰਾ ਇਸ਼ਕ ਸੱਚਾ ਸੌਦਾ, ਮੁੱਲ ਸੋਚ ਕੇ ਹੀ ਪਾਵੀਂ।
ਰੱਖੀਂ ਤੂੰ ਮਾਣ ਮੇਰਾ ਕਿਤੇ ਧੋਖਾ ਦੇ ਨਾ ਜਾਵੀਂ।
ਲੋਕਾਂ ਨੂੰ ਦੱਸਾਂ ਸਾਹਿਬ ਡਾਹਢਾ ਦਿਆਲ ਮੇਰਾ।
ਰੱਖੀਂ ਖਿਆਲ ਮੇਰਾ, ਰੱਖੀਂ ਖਿਆਲ ਮੇਰਾ।

ਰੱਖੀਂ ਖਿਆਲ ਮੇਰਾ, ਰੱਖੀਂ ਖਿਆਲ ਮੇਰਾ।
ਤੇਰੇ ਹੱਥ ਹਾਲ ਮੇਰਾ, ਰੱਖੀਂ ਖਿਆਲ ਮੇਰਾ।

•

## ਦਿਲ ਲੈ ਗਿਆ

ਦਿਲ ਲੈ ਗਿਆ ਉਹ ਹੱਸ ਕੇ ਹਸਾ ਕੇ,
ਵਿਲਾਇਤੀ ਜਾ ਜਹਾਜੇ ਚੜ੍ਹਿਆ।
ਅਸੀਂ ਬੈਠੇ ਮੂੰਹ 'ਚ ਉਂਗਲਾਂ ਦਬਾ ਕੇ,
ਵਿਲਾਇਤੀ ਜਾ ਜਹਾਜੇ ਚੜ੍ਹਿਆ।

ਵੱਡੇ ਸ਼ਹਿਰਾਂ ਵਿਚ ਰਹਿੰਦੀ ਬੜੀ ਭੱਜ ਦੌੜ ਏ।
ਕਾਰਾਂ ਦੀਆਂ ਭੀੜਾਂ ਨਾਲ ਰਹਿੰਦੀ ਸਦਾ ਸੌੜ ਏ।
ਰੱਬਾ ਜਾਨ ਸਾਡੀ ਰੱਖੀਂ ਤੂੰ ਬਚਾ ਕੇ,
ਵਿਲਾਇਤੀ ਜਾ ਜਹਾਜੇ ਚੜ੍ਹਿਆ।

ਉਹਨੂੰ ਸੀ ਪੰਜਾਬ ਦਿਆਂ ਮੱਖਣਾਂ ਨੇ ਪਾਲਿਆ।
ਅੱਥਰੀ ਜਵਾਨੀ ਨੇ ਵੀ ਸੀਨੇ ਨਾਲ ਲਾ ਲਿਆ।
ਉਹਨੂੰ ਨਜ਼ਰ ਨਾ ਲਾਵੇ ਕੋਈ ਆ ਕੇ,
ਵਿਲਾਇਤੀ ਜਾ ਜਹਾਜੇ ਚੜ੍ਹਿਆ।

ਵੇਖਿਆ ਕਿਸੇ ਨਾ ਮੇਰੀ ਜਿੰਦ ਨੂੰ ਵਿਲਕਦੇ।
ਕਾਹਲੀ ਕਾਹਲੀ ਪੂੰਝੇ ਨੈਣੋਂ ਅੱਥਰੂ ਛਲਕਦੇ।
ਜੀਣਾ ਪੈਣਾ ਨਾਗਵਲ ਖਾ ਕੇ,
ਵਿਲਾਇਤੀ ਜਾ ਜਹਾਜੇ ਚੜ੍ਹਿਆ।

ਹਰ ਪਲ ਆਪਾਂ
ਸੂਈ ਨੱਕੇ ਵਿਚੋਂ ਲੰਘਣਾ।
ਪੁੰਨਿਆਂ ਤੇ ਮੱਸਿਆ ਦਾ ਮੇਲਾ ਨਹੀਂਓ ਲੱਗਣਾ।
ਬੜਾ ਖੁਸ਼ ਸੀ ਅੰਬਰਸਰ ਆ ਕੇ,
ਵਿਲਾਇਤੀ ਜਾ ਜਹਾਜੇ ਚੜ੍ਹਿਆ।

ਦਿਲ ਲੈ ਗਿਆ ਉਹ ਹੱਸ ਕੇ ਹਸਾ ਕੇ,
ਵਿਲਾਇਤੀ ਜਾ ਜਹਾਜੇ ਚੜ੍ਹਿਆ।
ਅਸੀਂ ਬੈਠੇ ਮੂੰਹ 'ਚ ਉਂਗਲਾਂ ਦਬਾ ਕੇ,
ਵਿਲਾਇਤੀ ਜਾ ਜਹਾਜੇ ਚੜ੍ਹਿਆ।

•



## ਕੁੜੀਓ ਸੋਹਣਾ ਰੂਪ ਵਿਖਾਓ

ਕੁੜੀਓ ਸੋਹਣਾ ਰੂਪ ਵਿਖਾਓ ਸਾਰੀ ਦੁਨੀਆਂ ਨੂੰ।
ਘੜਨ ਨੂੰ ਦਿਓ ਪੰਜੇਬਾਂ ਗੋਟੇ ਲਾ ਲਉ ਚੁੰਨੀਆਂ ਨੂੰ।

ਹਰ ਇਕ ਤਾਈਂ ਵਿਖਾਓ ਨੇਗ੍ਹੀ ਜੋਬਨ ਦੀ ਛਾਈ।
ਭੜਥੂ ਪਾਉਂਦੀ ਹੋਈ ਰੁੱਤ ਜਵਾਨੀ ਦੀ ਆਈ।
ਜੋਬਨ ਰੁੱਤ ਝੁਕਾ ਦੇਂਦੀ ਹੈ ਰਿਸ਼ੀਆਂ ਮੁਨੀਆਂ ਨੂੰ।
ਕੁੜੀਓ ਸੋਹਣਾ ਰੂਪ ਵਿਖਾਓ ਸਾਰੀ ਦੁਨੀਆਂ ਨੂੰ।

ਦਾਰੂ ਦੀ ਬੋਤਲ ਜਹੇ ਤਨ ਤੇ ਸੂਹੀ ਕੁੜਤੀ ਏ।
ਨੱਚਦੀ ਗਿੱਧੇ ਦੇ ਵਿਚ ਹੋ ਗਈ ਮੁੜ੍ਹਕੋ ਮੁੜ੍ਹਕੀ ਏ।
ਆਓ ਨੱਚਣ ਲਾਈਏ ਗਲੀਆਂ ਸੁੰਨੀਆਂ ਸੁੰਨੀਆਂ ਨੂੰ।
ਕੁੜੀਓ ਸੋਹਣਾ ਰੂਪ ਵਿਖਾਓ ਸਾਰੀ ਦੁਨੀਆਂ ਨੂੰ।

ਬੁੱਲ੍ਹੀਂ ਫੇਰ ਦੰਦਾਸੇ ਅੱਖ ਵਿਚ ਸੁਰਮਾ ਪਾਉਣਾ ਏਂ।
ਕੱਲੇ ਕੱਲੇ ਗੱਭਰੂ ਦਾ ਅੱਜ ਦਿਲ ਤੜਫਾਉਣਾ ਏਂ।
ਕਰ ਦਿਓ ਜ਼ਾਹਰ ਪ੍ਰੀਤਾਂ ਦਿਲ ਵਿਚ ਰੱਖੀਆਂ ਗੁੰਨੀਆਂ ਨੂੰ।
ਕੁੜੀਓ ਸੋਹਣਾ ਰੂਪ ਵਿਖਾਓ ਸਾਰੀ ਦੁਨੀਆਂ ਨੂੰ।

ਨੱਕ ਵਿਚ ਨਥਨੀ ਪਾ ਲਉ ਕੰਨੀਂ ਝੁਮਕੇ ਸੋਨੇ ਦੇ।
ਹਾਰ ਨੌਲੱਖਾ ਗਲ ਵਿਚ ਟਿੱਕਾ ਮੱਥੇ ਸੋਹਣੇ ਤੇ।
ਪੁਨੂੰ ਯਾਰ ਮਿਲਾਉਣੇ ਸੱਸੀਆਂ ਇਸ਼ਕ 'ਚ ਭੁੰਨੀਆ ਨੂੰ।
ਕੁੜੀਓ ਸੋਹਣਾ ਰੂਪ ਵਿਖਾਓ ਸਾਰੀ ਦੁਨੀਆਂ ਨੂੰ।

•

## ਰਾਤ ਚਾਨਣੀ

ਰਾਤ ਚਾਨਣੀ ਉੱਸਲ ਵੱਟੇ ਲੈਂਦੀ ਵੀ ਮੈਂ ਸੰਗਾਂ।
ਛਣਕਦੀਆਂ ਤੇ ਗੁੱਸਾ ਖਾ ਕੇ ਤੋੜ ਦਿੱਤੀਆਂ ਵੰਗਾਂ।
ਮੈਂ ਕਿਉਂ ਬੋਲਾਂ ਜਿੰਦਰੇ ਖੋਹਲਾਂ ਆਪੇ ਬੋਲੀ ਜਾਵੇ।
ਇਹ ਤਾਂ ਇਸ਼ਕ ਬੋਲਦਾ ਵੇ ਇਹ ਤਾਂ ਇਸ਼ਕ ਬੋਲਦਾ।

ਆਸ਼ਕ ਲੋਕੀਂ ਜੱਗ ਤੋਂ ਚੋਰੀ ਰੋਂਦੇ ਰਾਤ ਬਰਾਤੇ।
ਅੱਖੀਆਂ ਦਾ ਕੀ ਕਹਿਣਾ ਜਿਨ੍ਹਾਂ ਭਰਨੇ ਨਿੱਤ ਜਗਰਾਤੇ।
ਕੋਈ ਬਣਦਾ ਬਲੀ ਦਾ ਬੱਕਰਾ ਕੋਈ ਈਦ ਮਨਾਵੇ।
ਇਹ ਤਾਂ ਇਸ਼ਕ ਬੋਲਦਾ ਵੇ ਇਹ ਤਾਂ ਇਸ਼ਕ ਬੋਲਦਾ।

ਕੋਠੇ ਚੜ੍ਹ ਕੇ ਵੇਖ ਜ਼ਰਾ ਕਿਉਂ ਬੂਹੇ ਵਾਂਗ ਹੈਂ ਭਿੜਿਆ।
ਪਿੰਡਾਂ ਤੇ ਸ਼ਹਿਰਾਂ ਵਿਚ ਸਾਡੇ ਇਸ਼ਕ ਦਾ ਚਰਚਾ ਛਿੜਿਆ।
ਤੂੰ ਤਾਂ ਬੋਲੇਂ ਮੈਂ ਨਾ ਨੱਚਾ ਕਿਹੜਾ ਢੋਲ ਵਜਾਵੇ।
ਇਹ ਤਾਂ ਇਸ਼ਕ ਬੋਲਦਾ ਵੇ ਇਹ ਤਾਂ ਇਸ਼ਕ ਬੋਲਦਾ।

ਇਹ ਯਾਰੀ ਮਨਜ਼ੂਰ ਖ਼ੁਦਾ ਨੂੰ ਤੂੰ ਕਾਹਦੇ ਤੋਂ ਡਰਦਾ।
ਬੋਲ ਬੋਲ ਕੇ ਬੁੱਲ੍ਹ ਸੁੱਕ ਗਏ ਤੂੰ ਨਾ ਹੁੰਗਾਰਾ ਭਰਦਾ।
ਚੁੱਪ ਤੇਰੀ ਕੁਲਜੀਤ ਗ਼ਜ਼ਲ ਦੇ ਸੀਨੇ ਛੁਰੀ ਚਲਾਵੇ।
ਇਹ ਤਾਂ ਇਸ਼ਕ ਬੋਲਦਾ ਵੇ ਇਹ ਤਾਂ ਇਸ਼ਕ ਬੋਲਦਾ।
•



*ਮਾਲਟਾ ਕਿਸ਼ਤੀ ਕਾਂਡ 1996 ਨੂੰ ਸਮਰਪਤ*

## ਕੀ ਖੱਟਿਆ ਪਰਦੇਸੋਂ ਵੀਰਾ

ਕੀ ਖੱਟਿਆ ਪਰਦੇਸੋਂ ਵੀਰਾ, ਲੱਖਾਂ ਦੀ ਜਾਨ ਗੁਆ ਲਈ।
ਇਕ ਵਾਰ ਵੀ ਡਾਲਰ ਪਿਆ ਨਾ ਪੱਲੇ ਹੋਣੀ ਪੱਲੇ ਪਾ ਲਈ।

ਰਹੀਆਂ ਉਡੀਕਦੀਆਂ ਹੀ ਵੀਰਾ, ਅੱਖੀਆਂ ਤੇਰੇ ਬਾਪ ਦੀਆ।
ਉਸਦੇ ਹਿੱਸੇ ਹੀ ਆਈਆਂ ਇਹ, ਘੜੀਆਂ ਨਿੱਜ ਸੰਤਾਪ ਦੀਆ।
ਆਸਾਂ ਦੀ ਫੁਲਵਾੜੀ ਸਾਡੀ, ਜੋਬਨ ਰੁੱਤ ਕੁਮਲਾ ਲਈ।
ਇਕ ਵਾਰ ਵੀ ਡਾਲਰ ਪਿਆ ਨਾ ਪੱਲੇ ਹੋਣੀ ਪੱਲੇ ਪਾ ਲਈ।

ਤੇਰੀ ਮੌਤ ਦੀ ਖ਼ਬਰ ਨੇ ਘਰ ਵਿਚ, ਪਾਇਆ ਪਿੱਟਣਾ ਰੋਣਾ ਵੇ।
ਏਦੂੰ ਵੱਡਾ ਏਸ ਪਿੰਡ ਵਿਚ ਹੋਰ ਕੀ ਮਾਤਮ ਹੋਣਾ ਵੇ।
ਸਾਡੀ ਗਲੀ ਦੇ ਕੱਖਾਂ ਨੇ ਵੀ ਹਾਲ ਦੁਹਾਈ ਪਾ ਲਈ।
ਇਕ ਵਾਰ ਵੀ ਡਾਲਰ ਪਿਆ ਨਾ ਪੱਲੇ ਹੋਣੀ ਪੱਲੇ ਪਾ ਲਈ।

ਬੜੀਆਂ ਆਸਾਂ ਅਤੇ ਉਮੀਦਾਂ ਨਾਲ ਸੀ ਤੈਨੂੰ ਪਾਲਿਆ ਵੇ।
ਦੂਜੇ ਦੇਸ਼ ਵਿਚ ਪਹੁੰਚਣ ਦੇ ਲਈ ਕਿਹੜਾ ਰਾਹ ਤੂੰ ਮੱਲਿਆ ਵੇ।
ਉਹ ਚੰਗੇ ਸੀ ਜਿੰਨ੍ਹਾਂ ਘਰ ਵਿਚ ਰੁੱਖੀ ਮਿੱਸੀ ਖਾ ਲਈ।
ਇਕ ਵਾਰ ਵੀ ਡਾਲਰ ਪਿਆ ਨਾ ਪੱਲੇ ਹੋਣੀ ਪੱਲੇ ਪਾ ਲਈ।

ਤੇਰੇ ਗੁੱਟ ਤੇ ਰੱਖੜੀ ਬੰਨ੍ਹਦੀ ਮੁੜਕੇ ਘੜੀ ਉਹ ਆਈ ਨਾ।
ਤੇਰੇ ਵਿਆਹ ਦੇ ਸ਼ਗਨਾਂ ਦੀ ਮੈਂ ਇਕ ਘੋੜੀ ਵੀ ਗਾਈ ਨਾ।
ਸ਼ਗਨਾਂ ਵਾਲੀ ਮਹਿੰਦੀ ਤੇਰੇ ਹੱਥਾਂ ’ਤੇ ਮੈਂ ਲਾਈ ਨਾ।
ਇਕ ਵਾਰ ਵੀ ਡਾਲਰ ਪਿਆ ਨਾ ਪੱਲੇ ਹੋਣੀ ਪੱਲੇ ਪਾ ਲਈ।

ਰੱਬਾ ਸਾਗਰ ਦੇ ਪਾਣੀ ਵਿਚ ਸਾਡਾ ਡੁੱਬ ਚਿਰਾਗ ਗਿਆ।
ਮੇਰੇ ਮਾਪਿਆਂ ਦੀ ਝੋਲੀ ਵਿਚ ਹੁਣ ਤਾਂ ਰਹਿ ਵੈਰਾਗ ਗਿਆ।
ਮਾਂ ਨੇ ਤੇਰੀ ਚਿੱਠੀ ਦੀ ਥਾਂ ਝੋਲੀ ਮੌਤ ਪੁਆ ਲਈ।
ਇਕ ਵਾਰ ਵੀ ਡਾਲਰ ਪਿਆ ਨਾ ਪੱਲੇ ਹੋਣੀ ਪੱਲੇ ਪਾ ਲਈ।

ਕੀ ਖੱਟਿਆ ਪਰਦੇਸੋਂ ਵੀਰਾ, ਲੱਖਾਂ ਦੀ ਜਾਨ ਗੁਆ ਲਈ।
ਇਕ ਵਾਰ ਵੀ ਡਾਲਰ ਪਿਆ ਨਾ ਪੱਲੇ ਹੋਣੀ ਪੱਲੇ ਪਾ ਲਈ।
•

## ਸੰਤਰੀ ਪੱਗ ਨੇ

ਸੰਤਰੀ ਪੱਗ ਨੇ ਪਾ ਦਿੱਤਾ ਯੱਬ ਵੇ।
ਵੇਖ ਵੇਖ ਤੈਨੂੰ ਆਉਂਦਾ ਨਹੀਓ ਰੱਜ ਵੇ।

ਮਿੱਠਾ ਮਿੱਠਾ ਬੋਲੇਂ, ਸ਼ਹਿਦ ਜਿਹਾ ਘੋਲੇਂ।
ਕਾਹਨੂੰ ਸਾਨੂੰ ਰੋਲੇਂ, ਕੱਖਾਂ ਨਾਲ ਤੋਲੇਂ।
ਤੇਰੇ ਕੋਲ ਆਵਾਂ ਲਾ ਕੇ ਸੌ ਸੌ ਪੱਜ ਵੇ।
ਵੇਖ ਵੇਖ ਤੈਨੂੰ ਆਉਂਦਾ ਨਹੀਓ ਰੱਜ ਵੇ।

ਬਿਨ ਤੇਰੇ ਉਡੀਕਾਂ ਪਈ ਕਰਾਂ।
ਤਾਹਨੇ ਮਿਹਣੇ ਜਰਾਂ ਫੇਰ ਵੀ ਡਰਾਂ।
ਤੇਰੀ ਪੂਜਾ ਜਾਪਦੀ ਮੈਨੂੰ ਤੇਰਾ ਹੱਜ ਵੇ।
ਵੇਖ ਵੇਖ ਤੈਨੂੰ ਆਉਂਦਾ ਨਹੀਓ ਰੱਜ ਵੇ।

ਰਾਤ ਜਹੀ ਛਾਈ ਤੈਨੂੰ ਮਿਲਣੇ ਨੂੰ ਆਈ।
ਜੱਟਾਂ ਦੀ ਇਹ ਜਾਈ, ਹੋ ਜੇ ਨਾ ਪਰਾਈ।
ਜਾਗਦੇ ਹਾਂ ਦੋਵੇਂ ਸੁੱਤਾ ਸਾਰਾ ਜੱਗ ਵੇ।
ਵੇਖ ਵੇਖ ਤੈਨੂੰ ਆਉਂਦਾ ਨਹੀਓ ਰੱਜ ਵੇ।

ਜਾਣ ਮੇਰੇ ਮਾਪੇ ਕਰੀਂ ਗੱਲ ਆਪੇ।
ਵੈਰੀ ਜਗ ਜਾਪੇ ਪਾ ਨਾ ਦਏ ਸਿਆਪੇ।
ਤੇਰੇ ਘਰ ਆਵਾਂ ਡੋਲੀ ਵਿਚ ਸਜ ਵੇ।
ਵੇਖ ਵੇਖ ਤੈਨੂੰ ਆਉਂਦਾ ਨਹੀਓ ਰੱਜ ਵੇ।

ਸੱਚੀ ਸੁੱਚੀ ਪ੍ਰੀਤ ਤੇਰੀ 'ਕੁਲਜੀਤ'।
ਮੇਰਾ ਮਨਮੀਤ, ਇਸ਼ਕੇ ਦਾ ਗੀਤ।
ਕਿਵੇਂ ਘੁੰਡ ਚੁੱਕਾਂ ਆਉਂਦੀ ਮੈਨੂੰ ਲੱਜ ਵੇ।
ਵੇਖ ਵੇਖ ਤੈਨੂੰ ਆਉਂਦਾ ਨਹੀਓ ਰੱਜ ਵੇ।

ਸੰਤਰੀ ਪੱਗ ਨੇ, ਪਾ ਦਿੱਤਾ ਯੱਬ ਵੇ।
ਵੇਖ ਵੇਖ ਤੈਨੂੰ ਆਉਂਦਾ ਨਹੀਓ ਰੱਜ ਵੇ।

•



## ਫੁੱਲਾਂ ਦੀ ਬਗੀਚੀ

ਫੁੱਲਾਂ ਦੀ ਬਗੀਚੀ ਵਿਚ ਸੁਹਣਾ ਫੁੱਲ ਮੁਸਕਾਇਆ ਏ।
ਮੁੱਦਤਾਂ ਨੇ ਬੀਤ ਗਈਆਂ, ਮਾਹੀ ਅਜੇ ਵੀ ਨਾ ਆਇਆ ਏ।

ਅੱਖੀਆਂ 'ਚ ਭਰਿਆ ਹੋਇਆ ਖਾਰਾ ਸਾਗਰ ਹੈ ਪਾਣੀ ਦਾ,
ਹਾਏ ਸਾਨੂੰ ਮਾਰ ਹੈ ਗਿਆ ਇਹ ਵਿਛੋੜਾ ਹਾਣੀ ਦਾ।

ਟੁੱਟ ਪੈਣੇ ਗ਼ਮ ਚੰਦਰੇ ਸਾਡੇ ਗਲ. ਲ਼ਗ ਰੋਂਦੇ ਨੇ।
ਸ਼ਹਿਰ ਉਹਦੇ ਲਾਸ਼ ਆਪਣੀ ਸਾਡੇ ਮੋਢੇ ਹੀ ਢੋਂਦੇ ਨੇ।

ਅਸੀਂ ਗ਼ਮ ਖਾ ਕੇ ਡਿਗ ਪਏ ਜੇ, ਸਾਨੂੰ ਮੋਇਆ ਨਾ ਜਾਣ ਲਿਓ।
ਉਹਦੇ ਆਉਣ ਤਕ ਜੀਣਾ ਏ, ਸਾਡੀ ਨਬਜ਼ ਪਛਾਣ ਲਿਓ।

ਬੇ ਰਹਿਮ ਨੇ ਦਿਲ ਤੋੜਿਆ ਇਹ ਉਸ ਦੀ ਕਹਾਣੀ ਏ।
ਇਹ ਸਭ ਅਸੀਂ ਕਿਵੇਂ ਝੱਲੀਏ, ਸਾਡੀ ਉਮਰ ਨਿਆਣੀ ਏ।

ਚਿਰ ਹੋਇਆ ਸੁਣਿਆਂ ਨੂੰ ਕੋਈ ਗ਼ਜ਼ਲ ਨਾ ਗਾਵੇ ਨੀਂ।
ਉਹਦੇ ਉਤੋਂ ਜਿੰਦ ਛਿੜਕਾਂ, ਜਿਹੜਾ ਦੱਸ ਉਹਦੀ ਪਾਵੇ ਨੀਂ।

•

## ਤੁਰ ਪਰਦੇਸ ਗਿਉਂ

ਨਿੱਤ ਚੀਚੀ ਵਿਚ ਰਹਿੰਦਾ ਸੀ ਤੂੰ, ਬਣ ਗੋਰੀ ਦਾ ਛੱਲਾ।
ਮੁੱਖ ਗੋਰੀ ਦਾ ਵੇਖ ਵੇਖ ਕੇ, ਹੋ ਗਿਆ ਸੀ ਤੂੰ ਝੱਲਾ।
ਤੈਨੂੰ ਤਰਸ ਨਾ ਆਇਆ ਵੈਰੀਆਂ, ਛੱਡ ਕੇ ਕੱਲੀ ਕਾਰੀ।
ਤੁਰ ਪਰਦੇਸ ਗਿਉਂ।

ਲੋਕਾਂ ਦਾ ਦਿਲ ਲੁੱਟ ਲੈਂਦਾ ਸੀ ਉਹਦੇ ਨੱਕ ਦਾ ਕੋਕਾ।
ਹੁਣ ਹੈ ਮੁੱਖ ਤੇ ਘੋਰ ਉਦਾਸੀ ਦਿਲ ਉਹਦੇ ਵਿਚ ਹੌਕਾ।
ਵੇਖੀ ਨਹੀਓ ਜਾਂਦੀ ਮੈਥੋਂ, ਕੁੜੀ ਉਹ ਕਿਸਮਤ ਮਾਰੀ,
ਤੁਰ ਪਰਦੇਸ ਗਿਉਂ।

ਝੀਲ ਵਰਗੀਆਂ ਉਹਦੀਆਂ ਅੱਖੀਆਂ ਤੂੰ ਅੱਖੀਆਂ ਦਾ ਸੁਰਮਾ।
ਤੂੰ ਉਹਦੇ ਭਾਗਾਂ ਵਿਚ ਲਿਖਿਆ, ਹੰਝੂਆਂ ਦੇ ਵਿਚ ਖੁਰਨਾ।
ਰਾਤ ਰਾਤ ਭਰ ਬੈਠੀ ਰਹਿੰਦੀ, ਖੋਹਲ ਅੱਖਾਂ ਦੀ ਬਾਰੀ,
ਤੁਰ ਪਰਦੇਸ ਗਿਉਂ।

ਮੇਰਾ ਨਾਂ ਹੈ ਕਾਲੀ ਗਾਨੀ, ਤਪਦੀ ਹਿੱਕ ਤੇ ਰਹਿੰਦੀ।
ਉਹਦੇ ਤੋਂ ਵਧ ਉਹਦੇ ਦੁਖੜੇ ਮੈਂ ਹਾਂ ਅੜਿਆ ਸਹਿੰਦੀ।
ਲੱਗਦਾ ਛੇਤੀ ਮਰ ਮੁੱਕ ਜਾਣੀ, ਇਹ ‘ਕੁਲਜੀਤ’ ਵਿਚਾਰੀ,
ਤੁਰ ਪਰਦੇਸ ਗਿਉਂ।

ਨਿੱਤ ਚੀਚੀ ਵਿਚ ਰਹਿੰਦਾ ਸੀ ਤੂੰ, ਬਣ ਗੋਰੀ ਦਾ ਛੱਲਾ।
ਮੁੱਖ ਗੋਰੀ ਦਾ ਵੇਖ ਵੇਖ ਕੇ, ਹੋ ਗਿਆ ਸੀ ਤੂੰ ਝੱਲਾ।
ਤੈਨੂੰ ਤਰਸ ਨਾ ਆਇਆ ਵੈਰੀਆਂ, ਛੱਡ ਕੇ ਕੱਲੀ ਕਾਰੀ।
ਤੁਰ ਪਰਦੇਸ ਗਿਉਂ।

•



## ਇਸ ਦਿਲ ਨੇ ਇਕ ਦਿਨ ਟੁੱਟਣਾ ਏ

ਇਸ ਦਿਲ ਨੇ ਇਕ ਦਿਨ ਟੁੱਟਣਾ ਏ।
ਤੇਰੀ ਬੇਪਰਵਾਹੀ ਸੰਗ ਲੱਗਿਆ ਏ।
ਇਹ ਦਿਲ ਹੈ ਕਿਸੇ ਫ਼ਕੀਰ ਜਿਹਾ,
ਤੇਰੀ ਬਾਦਸ਼ਾਹੀ ਸੰਗ ਲੱਗਿਆ ਏ।

ਕਿਤੇ ਦੂਰ ਮਿਲਾਂ ਤੈਨੂੰ ਲੋਕਾਂ ਤੋਂ,
ਹਰ ਵੇਲੇ ਜੀ ਮੇਰਾ ਕਰਦਾ ਹੈ।
ਕਿਤੇ ਸ਼ਾਨ ਤੇਰੀ ਨਾ ਘਟ ਜਾਵੇ,
ਦਿਲ ਅੰਦਰੋਂ ਅੰਦਰੀਂ ਡਰਦਾ ਹੈ।
ਹਰ ਵਾਰ ਰੋਕਣਾ ਬੋਲਣ ਤੋਂ,
ਇਹ ਤੇਰੀ ਮਨਾਹੀ ਤੋਂ ਲੱਗਿਆ ਏ।
ਇਹ ਦਿਲ ਹੈ ਕਿਸੇ ਫ਼ਕੀਰ ਜਿਹਾ,
ਤੇਰੀ ਬਾਦਸ਼ਾਹੀ ਤੋਂ ਲੱਗਿਆ ਏ।

ਕਿਸੇ ਵੇਲੇ ਤਾਂ ਮੈਨੂੰ ਲੱਗਦਾ ਹੈ,
ਮੈਂ ਪੁਤਲਾ ਤੇਰੇ ਹੀ ਸ਼ੌਂਕ ਦਾ,
ਮੇਰੇ ਨਾਲ ਇਸ਼ਕ ਦੀ ਭੱਠੀ ਵਿਚ,
ਰੱਬ ਤੈਨੂੰ ਕਿਉਂ ਨਹੀਂ ਝੋਂਕਦਾ।
ਤੈਨੂੰ ਰਤਾ ਜ਼ਰੂਰਤ ਨਹੀਂ ਮੇਰੀ,
ਤੇਰੇ ਖੁਸ਼ੀ ਮਨਚਾਹੀ ਤੋਂ ਲੱਗਿਆ ਏ।
ਇਹ ਦਿਲ ਹੈ ਕਿਸੇ ਫ਼ਕੀਰ ਜਿਹਾ,
ਤੇਰੀ ਬਾਦਸ਼ਾਹੀ ਸੰਗ ਲੱਗਿਆ ਏ।

ਮੈਂ ਜਾਣ ਕੇ ਵੀ ਅਨਜਾਣ ਹੀ ਹਾਂ,
ਕੀ ਬੁੱਝਾਂ ਤੇਰੀਆਂ ਰਮਜ਼ਾਂ ਨੂੰ ।
ਕੀ ਜਾਣਾਂ ਤੇਰੇ ਦਿਲ ਦੀਆਂ ਮੈਂ,
ਕੀ ਕੀ ਜਾਣਾ ਬੇ-ਸਮਝਾਂ ਨੂੰ

ਹੈ ਰਹਿੰਦੀ ਤੜਫਦੀ ਰੂਹ ਮੇਰੀ,
ਇਹ ਸੱਜ ਵਿਆਹੀ ਸੰਗ ਲੱਗਿਆ ਹੈ।
ਇਹ ਦਿਲ ਹੈ ਕਿਸੇ ਫ਼ਕੀਰ ਜਿਹਾ,
ਤੇਰੀ ਬਾਦਸ਼ਾਹੀ ਸੰਗ ਲੱਗਿਆ ਹੈ।

ਦਿਲ ਟੁੱਟਦਾ ਹੈ ਤਾਂ ਟੁੱਟ ਜਾਏ,
ਮੈਂ ਬੇਵਫਾਈ ਨਹੀਂ ਕਰਨੀ।
ਜੀਂਦੇ ਜੀ ਛੱਡਣਾ ਨਹੀਂ ਪੱਲਾ,
ਅਪਣੀ ਰੁਸਵਾਈ ਨਹੀਂ ਕਰਨੀ।
ਤੇਰਾ ਜ਼ੁਲਮ ਨਜਾਇਜ਼ ਹੈ ਹਰ ਇਕ,
ਮੇਰੀ ਬੇਗੁਨਾਹੀ ਸੰਗ ਲੱਗਿਆ ਹੈ।
ਇਹ ਦਿਲ ਹੈ ਕਿਸੇ ਫ਼ਕੀਰ ਜਿਹਾ,
ਤੇਰੀ ਬਾਦਸ਼ਾਹੀ ਸੰਗ ਲੱਗਿਆ ਹੈ।

ਇਸ ਦਿਲ ਨੇ ਇਕ ਦਿਨ ਟੁੱਟਣਾ ਹੈ
ਤੇਰੀ ਬੇਪਰਵਾਹੀ ਸੰਗ ਲੱਗਿਆ ਹੈ।
ਇਹ ਦਿਲ ਹੈ ਕਿਸੇ ਫ਼ਕੀਰ ਜਿਹਾ,
ਤੇਰੀ ਬਾਦਸ਼ਾਹੀ ਸੰਗ ਲੱਗਿਆ ਹੈ।

•



## ਤੂੰ ਮੇਰੀ ਨਜ਼ਰ ਦੇ ਵਿਚ ਵੱਸ ਜਾ

ਤੂੰ ਮੇਰੀ ਨਜ਼ਰ ਦੇ ਵਿਚ ਵੱਸ ਜਾ, ਮੈਂ ਤੇਰੀ ਅਦਾ ਤੇ ਗੀਤ ਲਿਖਾਂ।
ਜੋ ਸਭ ਕਰਮਾਂ ਤੋਂ ਉਪਰ ਹੈ, ਉਹਨੂੰ ਸੱਚੀ ਸੁੱਚੀ ਪ੍ਰੀਤ ਲਿਖਾਂ।

ਤੇਰੇ ਬੁੱਲ੍ਹ ਗੁਲਾਬ ਜਹੇ ਕੋਮਲ, ਤੇਰੇ ਨੈਣਾਂ ਵਿਚ ਰੱਬ ਵੱਸਦਾ।
ਤੇਰੇ ਬੋਲਾਂ ਵਿਚ ਮਿਠਾਸ ਭਰੀ, ਹਾਸਿਆਂ ਨਾਲ ਹੈ ਜੱਗ ਹੱਸਦਾ।
ਤੇਰੇ ਦਿਲ ਦੀ ਇਸ ਧੜਕਣ ਤਾਈਂ, ਮੈਂ ਇਸ਼ਕ ਦਾ ਸੁਗਮ ਸੰਗੀਤ ਲਿਖਾਂ।
ਜੋ ਸਭ ਕਰਮਾਂ ਤੋਂ ਉਪਰ ਹੈ, ਉਹਨੂੰ ਸੱਚੀ ਸੁੱਚੀ ਪ੍ਰੀਤ ਲਿਖਾਂ।

ਮਾਨਣ ਦੇ ਤਿਤਲੀ ਭੰਵਰੇ ਨੂੰ, ਫੁੱਲਾਂ ਵਿਚ ਤੇਰੀ ਮਹਿਕ ਪਈ।
ਤੇਰੇ ਮੁੱਖ ਤੇ ਨੂਰ ਹੈ ਕੁਦਰਤ ਦਾ, ਜਿਹਨੂੰ ਵੇਖ ਰੂਹ ਮੇਰੀ ਚਹਿਕ ਪਈ।
ਮੇਰੇ ਦਿਲ ਦਾ ਤੂੰ ਸ਼ਿੰਗਾਰ ਵੀ ਏਂ ਆ ਤੈਨੂੰ ਮਨ ਦਾ ਮੀਤ ਲਿਖਾਂ।
ਜੋ ਸਭ ਕਰਮਾਂ ਤੋਂ ਉਪਰ ਹੈ, ਉਹਨੂੰ ਸੱਚੀ ਸੁੱਚੀ ਪ੍ਰੀਤ ਲਿਖਾਂ।

ਇਹ ਚੀਰ ਦਿੰਦਾ ਹਰ ਪਰਦੇ ਨੂੰ, ਤੇਰੇ ਮੁੱਖ ਦਾ ਚਾਨਣ ਯਾਰਾ ਵੇ।
ਨਿੱਤ ਪੌਣਾਂ ਤੇਰੇ ਘਰ ਆਵਣ, ਬਸ ਮੌਜਾਂ ਮਾਨਣ ਯਾਰਾ ਵੇ।
ਮੇਰਾ ਹੋ ਕੇ ਬਦਲ ਨਸੀਬ ਮੇਰੇ, ਆ ਤੈਨੂੰ ਮੈਂ ਮਨਮੀਤ ਲਿਖਾਂ।
ਜੋ ਸਭ ਕਰਮਾਂ ਤੋਂ ਉਪਰ ਹੈ, ਉਹਨੂੰ ਸੱਚੀ ਸੁੱਚੀ ਪ੍ਰੀਤ ਲਿਖਾਂ।

ਤੈਨੂੰ ਧਰਤ ਸਲਾਮਾਂ ਕਰਦੀ ਏ, ਇਸ ਧਰਤੀ ਦਾ ਸਰਦਾਰ ਏਂ ਤੂੰ।
ਤੈਨੂੰ ਵੇਖ ਵੇਖ ਦਿਲ ਨੱਚਦੇ ਨੇ, ਹਰ ਇਕ ਦਿਲ ਦਾ ਦਿਲਦਾਰ ਏਂ ਤੂੰ।
ਕੁਰਬਾਨ ਤੇਰੇ ਤੋਂ ਕਈ ਜਾਨਾਂ, ਏਸੇ ਨੂੰ ਇਸ਼ਕ ਦੀ ਰੀਤ ਲਿਖਾਂ।
ਜੋ ਸਭ ਕਰਮਾਂ ਤੋਂ ਉਪਰ ਹੈ, ਉਹਨੂੰ ਸੱਚੀ ਸੁੱਚੀ ਪ੍ਰੀਤ ਲਿਖਾਂ।

ਜੀ ਆਇਆ ਆਖਣ ਲਈ ਤੈਨੂੰ, ਦਿਲ ਤੇਰੇ ਰਾਹ ਵਿਚ ਵਿਛਦੇ ਨੇ।
ਬਸ ਤੇਰਾ ਹੀ ਮੁੱਖ ਵੇਖਣ ਲਈ, ਫੁੱਲ ਸਿਰੀਆਂ ਚੁੱਕਦੇ ਦਿੱਸਦੇ ਨੇ।
ਤੂੰ ਗੀਤ ਦਾ ਸੁੰਦਰ ਮੁਖੜਾ ਏਂ ਤੈਨੂੰ ਸ਼ਾਇਰ ਦੀ ਇਕ ਰੀਤ ਲਿਖਾਂ।
ਜੋ ਸਭ ਕਰਮਾਂ ਤੋਂ ਉਪਰ ਹੈ, ਉਹਨੂੰ ਸੱਚੀ ਸੁੱਚੀ ਪ੍ਰੀਤ ਲਿਖਾਂ।

ਤੂੰ ਮੇਰੀ ਨਜ਼ਰ ਦੇ ਵਿਚ ਵੱਸ ਜਾ, ਮੈਂ ਤੇਰੀ ਅਦਾ ਤੇ ਗੀਤ ਲਿਖਾਂ।
ਜੋ ਸਭ ਕਰਮਾਂ ਤੋਂ ਉਪਰ ਹੈ, ਉਹਨੂੰ ਸੱਚੀ ਸੁੱਚੀ ਪ੍ਰੀਤ ਲਿਖਾਂ।

•

## ਅੱਖੀਆਂ ਦਾ ਕੱਜਲਾ

ਅੱਖੀਆਂ ਦਾ ਕੱਜਲਾ ਵੀ ਲੈ ਗਿਆ।
ਬੁੱਲ੍ਹੀਆਂ ਦੇ ਹਾਸੇ ਵੀ ਹੈ ਲੈ ਗਿਆ।
ਜਾਕੇ ਪਰਦੇਸ ਉਹ ਤਾਂ ਬਹਿ ਗਿਆ।

ਏਨਾ ਕਿਉਂ ਜ਼ੁਲਮ ਕਮਾਇਆ।
ਕੀਹਦੇ ਲੜ ਲਾਇਆ ਨੀ ਮਾਏ-ਕੀਹਦੇ ਲੜ ਲਾਇਆ।

ਲੋਕੀਂ ਤਾਂ ਮੁੜ ਆਏ ਕਦੋਂ ਦੇ, ਚਿਰ ਹੋਇਆ ਪਈਆਂ ਤਿਰਕਾਲਾਂ।
ਨੈਣਾਂ ਦੇ ਦੀਵੇ ਕਿੰਜ ਬਾਲਾਂ, ਰਾਤਾਂ ਵਿਚ ਕਿੰਜ ਉਸ ਨੂੰ ਭਾਲਾਂ।
ਉਹਨੇ ਮੈਨੂੰ ਦਿਲੋਂ ਭੁਲਾਇਆ।
ਕੀਹਦੇ ਲੜ ਲਾਇਆ ਨੀ ਮਾਏ-ਕੀਹਦੇ ਲੜ ਲਾਇਆ।

ਵੀਣੀ ਦੇ ਵਿਚ ਸੂਹਾ ਚੂੜਾ ਮਹਿੰਦੀ ਦਾ ਰੰਗ ਵੀ ਹੈ ਗੂਹੜਾ।
ਰੋਂਦੇ ਮੇਰੇ ਛਾਪਾਂ ਛੱਲੇ, ਹੋ ਗਏ ਮੇਰੇ ਹੰਝੂ ਝੱਲੇ।
ਝਾਂਜਰ ਨੇ ਰੌਲਾ ਪਾਇਆ।
ਕੀਹਦੇ ਲੜ ਲਾਇਆ ਨੀ ਮਾਏ-ਕੀਹਦੇ ਲੜ ਲਾਇਆ।

ਮੈਨੂੰ ਪੁੱਛਦਾ ਹੈ ਦਿਲ ਮੇਰਾ, ਮਾਹੀਆ ਕਿਉਂ ਕੋਲ ਨ੍ਹੀਂ ਤੇਰਾ।
ਸੁਣਿਆ ਉਹ ਪਰਦੇਸ ਨੂੰ ਤੁਰਿਆ, ਕੱਚੇ ਕੱਚ ਦੇ ਵਾਂਗੂ ਭੁਰਿਆ।
ਤੁਰ ਗਿਆ ਨਾ ਮੁੜ ਕੇ ਆਇਆ।
ਕੀਹਦੇ ਲੜ ਲਾਇਆ ਨੀਂ ਮਾਏ, ਕੀਹਦੇ ਲੜ ਲਾਇਆ।
ਕੀਹਦੇ ਲੜ ਲਾਇਆ ਨੀ ਮਾਏ-ਕੀਹਦੇ ਲੜ ਲਾਇਆ।

•



## ਉਹ ਤਾਂ ਨੱਬਿਆਂ ਪਿੰਡਾਂ ਦਾ

ਉਹ ਤਾਂ ਨੱਬਿਆਂ ਪਿੰਡਾਂ ਦਾ ਸਰਦਾਰ ਕੁੜੀਓ।
ਉਹਦੇ ਸਿਰ ਤੋਂ ਮੈਂ ਦਿਆਂ ਜਿੰਦ ਵਾਰ ਕੁੜੀਓ।

ਪਹਿਲੀ ਤੱਕਣੀ 'ਚ ਮੈਨੂੰ ਠੱਗ ਕੇ ਉਹ ਲੈ ਗਿਆ।
ਬਦੋਬਦੀ ਆ ਕੇ ਮੇਰੇ ਦਿਲ ਵਿਚ ਲਹਿ ਗਿਆ।
ਮੈਨੂੰ ਹੋ ਗਿਆ ਏ ਉਹਦੇ ਨਾਲ ਪਿਆਰ ਕੁੜੀਓ।
ਉਹਦੇ ਸਿਰ ਤੋਂ ਮੈਂ ਦਿਆਂ ਜਿੰਦ ਵਾਰ ਕੁੜੀਓ।

ਹੋਰ ਕੋਈ ਨਹੀਂ ਉਹਦੇ ਜਿਹਾ ਜੱਟ ਅਣਖੀਲਾ।
ਉਹਦਾ ਤੱਕਿਆ ਨਾ ਜਾਵੇ ਮੈਥੋਂ ਮੁੱਖ ਚਮਕੀਲਾ।
ਓਹੀ ਮੇਰੇ ਦਿਲ ਦਾ ਹੈ ਦਿਲਦਾਰ ਕੁੜੀਓ।
ਉਹਦੇ ਸਿਰ ਤੋਂ ਮੈਂ ਦਿਆਂ ਜਿੰਦ ਵਾਰ ਕੁੜੀਓ।

ਲੋਕੀਂ ਕਰਦੇ ਨੇ ਨਿੱਤ ਉਹਦੇ ਰੋਹਬ ਦੀਆਂ ਗੱਲਾਂ।
ਉਹ ਤਾਂ ਵੱਡਿਆਂ ਅਖਾੜਿਆਂ 'ਚ ਮਾਰਦਾ ਏ ਮੱਲਾ।
ਸੁਹਣਾ ਗੱਭਰੂ ਨਾ ਮੰਨੇ ਕਦੇ ਹਾਰ ਕੁੜੀਓ।
ਉਹਦੇ ਸਿਰ ਤੋਂ ਮੈਂ ਦਿਆਂ ਜਿੰਦ ਵਾਰ ਕੁੜੀਓ।

ਉਤੋਂ ਕੰਬਦਾ ਅਕਾਸ਼ ਹੇਠੋਂ ਡੋਲਦੀ ਜ਼ਮੀਨ।
ਹਿੱਕ ਤਾਨ ਤਾਨ ਤੁਰਦਾ ਹੈ ਜਦੋਂ ਇਹ ਸ਼ੁਕੀਨ।
ਦਿਲ ਵਿਚ ਨਹੀਂ ਮਾਸਾ ਹੰਕਾਰ ਕੁੜੀਓ।
ਉਹਦੇ ਸਿਰ ਤੋਂ ਮੈਂ ਦਿਆਂ ਜਿੰਦ ਵਾਰ ਕੁੜੀਓ।

ਜਦੋਂ ਤੱਕਦੇ ਪਰਿੰਦੇ ਉਹਨੂੰ ਮਸਤ ਹੋ ਨੇ ਜਾਂਦੇ।
ਘਰਾਂ ਵੱਲ ਜਾਂਦੇ ਰਾਹੀ ਵੀ ਨੇ ਰਾਹ ਭੁੱਲ ਜਾਂਦੇ।
'ਗ਼ਜ਼ਲ' ਆਖੇ ਉਹਨੂੰ ਈਦ ਦਾ ਤਿਓਹਾਰ ਕੁੜੀਓ।
ਉਹਦੇ ਸਿਰ ਤੋਂ ਮੈਂ ਦਿਆਂ ਜਿੰਦ ਵਾਰ ਕੁੜੀਓ।

ਉਹ ਤਾਂ ਨੱਬਿਆਂ ਪਿੰਡਾਂ ਦਾ ਸਰਦਾਰ ਕੁੜੀਓ।
ਉਹਦੇ ਸਿਰ ਤੋਂ ਮੈਂ ਦਿਆਂ ਜਿੰਦ ਵਾਰ ਕੁੜੀਓ।

•

## ਤੂੰ ਬਾਬਲ ਕਿਉਂ ਖਿਡਾਇਆ ਸੀ

ਤੂੰ ਬਾਬਲ ਕਿਉਂ ਖਿਡਾਇਆ ਸੀ, ਮੈਨੂੰ ਵਿਚ ਪੰਘੂੜੇ ਚਾਂਦੀ ਦੇ।
ਕਿਉਂ ਹੰਝੂ ਕੇਰ ਕੇ ਰੋਨਾਂ ਏਂ ਹੁਣ ਧੀ ਪਰਨਾਈ ਜਾਂਦੀ ਦੇ।

ਉਹ ਬਚਪਨ ਕਿੱਦਾਂ ਭੁੱਲ ਜਾਵਾਂ, ਸੌਂਦੀ ਸਾਂ ਤੇਰੀ ਝੋਲੀ ਵਿਚ।
ਮੈਂ ਨਿੱਕੀਆਂ ਨਿੱਕੀਆਂ ਬੁੱਲ੍ਹੀਆਂ ਚੋਂ, ਗਾਉਂਦੀ ਸਾਂ ਤੇਰੀ ਝੋਲੀ ਵਿਚ।
ਅੱਜ ਹੰਝੂ ਕਿਰ ਕਿਰ ਪੈਂਦੇ ਨੇ ਹੱਥਾਂ ਤੇ ਮਹਿੰਦੀ ਲਾਂਦੀ ਦੇ।
ਕਿਉਂ ਹੰਝੂ ਕੇਰ ਕੇ ਰੋਨਾਂ ਏਂ ਹੁਣ ਧੀ ਪਰਨਾਈ ਜਾਂਦੀ ਦੇ।

ਕਿਉਂ ਬਾਬਲ ਸਾਨੂੰ ਹੱਥਾਂ ਵਿਚ, ਫੁੱਲਾਂ ਦੇ ਵਾਂਗ ਸਜਾਇਆ ਸੀ।
ਕਿਉਂ ਸਾਡੀ ਉਂਗਲੀ ਫੜ ਕੇ ਤੂੰ, ਪੈਰਾਂ ਤੇ ਤੁਰਨ ਸਿਖਾਇਆ ਸੀ।
ਅੱਜ ਬੁੱਲ੍ਹ ਵੀ ਹੱਸਣਾ ਭੁੱਲ ਗਏ ਨੇ ਇਸ ਘਰ ਨੂੰ ਛੱਡ ਕੇ ਜਾਂਦੀ ਦੇ।
ਕਿਉਂ ਹੰਝੂ ਕੇਰ ਕੇ ਰੋਨਾਂ ਏਂ ਹੁਣ ਧੀ ਪਰਨਾਈ ਜਾਂਦੀ ਦੇ।

ਕੋਈ ਆਖੇ ਮੇਰਾ ਘਰ ਨਹੀਂ ਇਹ, ਜਿੱਥੇ ਜੰਮੀ ਪਲੀ ਜਵਾਨ ਹੋਈ।
ਕੋਈ ਆਖੇ ਸਾਡੀ ਮਜਬੂਰੀ, ਇੱਥੇ ਸਾਡਾ ਨਹੀਂ ਕਸੂਰ ਕੋਈ।
ਹੁਣ ਦੁੱਖ ਵੰਡਾਵੇਗਾ ਕਿਹੜਾ ਧੀ ਰੋਂਦੀ ਤੇ ਕੁਰਲਾਂਦੀ ਏ।
ਕਿਉਂ ਹੰਝੂ ਕੇਰ ਕੇ ਰੋਨਾਂ ਏਂ ਹੁਣ ਧੀ ਪਰਨਾਈ ਜਾਂਦੀ ਦੇ।

ਤੁਸੀਂ ਡੋਲੀ ਵਿਚ ਬਿਠਾਉਂਦੇ ਹੋ, ਇਹ ਕੰਧਾਂ ਮੈਨੂੰ ਰੋਕ ਦੀਆਂ।
ਤੁਸੀਂ ਘੋਰ ਦਿਲਾਸੇ ਦੇਂਦੇ ਹੋ, ਪਰ ਗਲੀਆਂ ਮੈਨੂੰ ਟੋਕਦੀਆ।
ਅੱਜ ਕਦਮ ਅਗਾਂਹ ਨੂੰ ਵਧਦੇ ਨਹੀਂ ਬਾਹਾਂ ਵਿਚ ਡਿੱਗ ਡਿੱਗ ਜਾਂਦੀ ਦੇ।
ਕਿਉਂ ਹੰਝੂ ਕੇਰ ਕੇ ਰੋਨਾਂ ਏਂ ਹੁਣ ਧੀ ਪਰਨਾਈ ਜਾਂਦੀ ਦੇ।

ਤੂੰ ਬਾਬਲ ਕਿਉਂ ਖਿਡਾਇਆ ਸੀ, ਮੈਨੂੰ ਵਿਚ ਪੰਘੂੜੇ ਚਾਂਦੀ ਦੇ।
ਕਿਉਂ ਹੰਝੂ ਕੇਰ ਕੇ ਰੋਨਾਂ ਏਂ ਹੁਣ ਧੀ ਪਰਨਾਈ ਜਾਂਦੀ ਦੇ।

•



## ਜਿੰਦ ਮੇਰੀ ਮੱਛੀ ਏ

ਜਿੰਦ ਮੇਰੀ ਮੱਛੀ ਹੁਣ ਹੋ ਗਈ ਸਿਆਣੀ ਏ।
ਜੀਵਾਂ ਜੀਹਦੇ ਸਦਕੇ ਉਹ ਮਾਹੀ ਮੇਰਾ ਪਾਣੀ ਏ।

ਮਾਹੀ ਮੇਰਾ ਪਾਣੀ ਉਹਨੂੰ ਕਿਵੇਂ ਪਾਸੇ ਕਰ ਲਾਂ।
ਜੇ ਨਾ ਹੋਵੇ ਪਾਣੀ ਤਾਂ ਮੈਂ ਜੀਂਦੇ ਜੀ ਹੀ ਮਰ ਜਾਂ।
ਉਹਦੇ ਬਿਨ ਜੀਣਾ ਮੇਰਾ ਮੌਤ ਦਾ ਹੀ ਹਾਣੀ ਏ।
ਜੀਵਾਂ ਜੀਹਦੇ ਸਦਕੇ ਉਹ ਮਾਹੀ ਮੇਰਾ ਪਾਣੀ ਏ।

ਮਾਏ ਸੁਣ ਗੱਲ ਜੋ ਮੈਂ ਕਦੇ ਵੀ ਨਾ ਆਖੀ ਨੀਂ।
ਜੋਬਨ ਦੀ ਰੁੱਤੇ ਬਹੁਤੀ ਨਾ ਕਰ ਰਾਖੀ ਨੀਂ।
ਪੁੱਜ ਗਈ ਮੈਂ ਓਥੇ ਜਿੱਥੇ ਰੁੱਤ ਮਸਤਾਨੀਏ।
ਜੀਵਾਂ ਜੀਹਦੇ ਸਦਕੇ ਉਹ ਮਾਹੀ ਮੇਰਾ ਪਾਣੀ ਏ।

ਮੇਰੀਆਂ ਇਹ ਅੱਖਾਂ ਹੋਈਆਂ ਇਸ਼ਕ ਵਿਚ ਅੰਨ੍ਹੀਆਂ।
ਲੱਖ ਸਮਝਾਇਆ ਪਰ ਅੱਖਾਂ ਨਹੀਂ ਮੰਨੀਆਂ।
ਦੇਸ ਵੀ ਬਿਗਾਨਾ ਉਹਦੀ ਜਾਤ ਵੀ ਬਿਗਾਨੀ ਏ।
ਜੀਵਾਂ ਜੀਹਦੇ ਸਦਕੇ ਉਹ ਮਾਹੀ ਮੇਰਾ ਪਾਣੀ ਏ।

ਥੋਹੜੀ ਮਸ਼ਹੂਰ ਅਤੇ ਬਹੁਤੀ ਬਦਨਾਮ ਏ।
ਹੁਣ ਸਾਡੀ ਚਰਚਾ ਵੀ ਹੁੰਦੀ ਸ਼ਰੇਆਮ ਏ।
ਏਹੋ 'ਕੁਲਜੀਤ' ਦੇ ਪਿਆਰ ਦੀ ਕਹਾਣੀ ਏ।
ਜੀਵਾਂ ਜੀਹਦੇ ਸਦਕੇ ਉਹ ਮਾਹੀ ਮੇਰਾ ਪਾਣੀ ਏ।

ਜਿੰਦ ਮੇਰੀ ਮੱਛੀ ਹੁਣ ਹੋ ਗਈ ਸਿਆਣੀ ਏ।
ਜੀਵਾਂ ਜੀਹਦੇ ਸਦਕੇ ਉਹ ਮਾਹੀ ਮੇਰਾ ਪਾਣੀ ਏ।

•

## ਰੱਬਾ ਵੇ ਰੱਬਾ

ਰੱਬਾ ਵੇ ਰੱਬਾ ਮੇਰੀ ਜੂਨ ਏ ਬੁਰੀ।
ਜੀਣਾ ਹੋਇਆ ਔਖਾ ਕਿ ਮੈਂ ਹੋਈ ਜੁ ਕੁੜੀ।
ਪੱਥਰ ਦਿਲ ਨੇ ਅੱਜ ਦੇ ਮਾਪੇ।
ਜੰਮਦੀਆਂ ਧੀਆਂ ਮਾਰਨ ਆਪੇ।
ਅਪਣੇ ਹੀ ਖ਼ੂਨ ਨਾਲ ਹੱਥ ਰੰਗਦੇ,
ਜ਼ੁਲਮ ਦੀ ਇਹ ਜੱਗ ਉੱਤੇ ਰੀਤ ਤੁਰੀ।
ਜੀਣਾ ਹੋਇਆ ਔਖਾ ਕਿ ਮੈਂ ਹੋਈ ਜੁ ਕੁੜੀ।

ਜਿਊਂਦੇ ਜੀ ਕਿਉਂ ਸਿਵਾ ਹੈ ਬਲਦਾ।
ਬਦਨ ਅਸਾਡਾ ਤੇਲ 'ਚ ਜਲਦਾ।
ਰੱਸਿਆ ਦੇ ਨਾਲ ਮੇਰਾ ਮੂੰਹ ਬੰਨ੍ਹ ਕੇ,
ਮੂੰਹ ਵਿਚ ਪਾਂਵਦੇ ਨੇ ਜ਼ਹਿਰ ਦੀ ਪੂੜੀ।
ਜੀਣਾ ਹੋਇਆ ਔਖਾ ਕਿ ਮੈਂ ਹੋਈ ਜੁ ਕੁੜੀ।

ਹੋਏ ਸਮਾਜ ਕਿਉਂ ਇਸ ਤੋਂ ਨਾਬਰ।
ਪਾਵਣ ਕੁੜੀਆਂ ਹੱਕ ਬਰਾਬਰ।
ਦੁਨੀਆਂ ਦੇ ਤਾਹਨੇ ਮਿਹਨੇ ਨਾਲ ਰਖ ਕੇ,
ਇਹਦੀ ਰਗ ਉੱਤੇ ਨਿੱਤ ਚਲਦੀ ਛੁਰੀ।
ਜੀਣਾ ਹੋਇਆ ਔਖਾ ਕਿ ਮੈਂ ਹੋਈ ਜੁ ਕੁੜੀ।

ਜੀਵਨ ਦੇ ਵਿਚ ਮੈਂ ਕਿਸ ਕਾਬਲ।
ਮਾਂ ਨਿਮਾਣੀ ਤੇ ਨੀਂਵਾਂ ਬਾਬਲ।
ਲੋਕੋ ਧੀ ਨੂੰ ਪੁੱਤਰ ਜਾਣੋ,
ਹੋਵੇਗੀ ਅਪਣੇ ਪੈਰਾਂ ਤੇ ਖੜੀ।
ਜੀਣਾ ਹੋਇਆ ਔਖਾ ਕਿ ਮੈਂ ਹੋਈ ਜੁ ਕੁੜੀ।
ਰੱਬਾ ਵੇ ਰੱਬਾ ਮੇਰੀ ਜੂਨ ਏ ਬੁਰੀ।
ਜੀਣਾ ਹੋਇਆ ਔਖਾ ਕਿ ਮੈਂ ਹੋਈ ਜੁ ਕੁੜੀ।
•



## ਹਰ ਵੇਲੇ ਉਹਦਾ ਚੇਤਾ ਆਵੇ

ਹਰ ਵੇਲੇ ਉਹਦਾ ਚੇਤਾ ਆਵੇ।
ਇਹ ਚੇਤਾ ਮੇਰੀ ਜਿੰਦ ਨੂੰ ਖਾਵੇ।

ਨੈਣੀਂ ਨੀਂਦਰ ਆਉਣ ਨਾ ਦੇਂਦਾ।
ਮੈਨੂੰ ਰਾਤੀਂ ਸੌਣ ਨਾ ਦੇਂਦਾ।
ਜੁਗਨੂੰ ਚੰਨ 'ਤੇ ਤਾਰਿਆਂ ਸਾਹਵੇਂ,
ਰੱਜ ਰੱਜ ਮੇਰਾ ਜਿਸਮ ਹੰਢਾਵੇ।
ਹਰ ਵੇਲੇ ਉਹਦਾ ਚੇਤਾ ਆਵੇ।
ਇਹ ਚੇਤਾ ਮੇਰੀ ਜਿੰਦ ਨੂੰ ਖਾਵੇ।

ਇਹ ਚੇਤਾ ਮੇਰੇ ਨਾਲ ਵਿਆਹਿਆ।
ਇਸ਼ਕ ਵਿਚੋਲੇ ਸਾਕ ਕਰਾਇਆ।
ਇਹ ਚੰਦਰਾਂ ਤਿਲ ਮੇਰੇ ਤਨ ਦੇ,
ਇਕ ਇਕ ਕਰਕੇ ਗਿਣਦਾ ਜਾਵੇ।
ਹਰ ਵੇਲੇ ਉਹਦਾ ਚੇਤਾ ਆਵੇ।
ਇਹ ਚੇਤਾ ਮੇਰੀ ਜਿੰਦ ਨੂੰ ਖਾਵੇ।

ਮੇਰੇ ਭਾਅ ਦਾ ਯੱਭ ਹੈ ਚੇਤਾ।
ਦਿਲ ਆਖੇ ਮੇਰਾ ਰੱਬ ਹੈ ਚੇਤਾ।
ਕੋਈ ਦੱਸੇ ਇਹ ਕੈਸਾ ਰੱਬ ਹੈ,
ਸਾਰੀ ਸਾਰੀ ਰਾਤ ਨਚਾਵੇ।
ਹਰ ਵੇਲੇ ਉਹਦਾ ਚੇਤਾ ਆਵੇ।
ਇਹ ਚੇਤਾ ਮੇਰੀ ਜਿੰਦ ਨੂੰ ਖਾਵੇ।

ਹਿਜਰ ਛੁਪੇ ਨਾ ਲੱਖ ਛੁਪਾਵਾਂ।
ਕਿਥੋਂ ਆਪਾ ਲੱਭ ਲਿਆਵਾਂ।
ਖਤਮ ਕਹਾਣੀ ਬਸ ਅੱਜ ਭਲਕੇ,
ਜਿੰਦ 'ਗ਼ਜ਼ਲ' ਦੀ ਮੁਕਦੀ ਜਾਵੇ।
ਹਰ ਵੇਲੇ ਉਹਦਾ ਚੇਤਾ ਆਵੇ।
ਇਹ ਚੇਤਾ ਮੇਰੀ ਜਿੰਦ ਨੂੰ ਖਾਵੇ।
•

## ਤੇਰਾ ਇਸ਼ਕ ਨਚਾਉਂਦਾ

ਤੇਰਾ ਇਸ਼ਕ ਨਚਾਉਂਦਾ ਸਾਨੂੰ ਸੱਜਣਾਂ, ਵੇ ਗਲੀ ਗਲੀ ਨੱਚਦੇ ਹਾਂ।
ਅਸੀਂ ਲੱਖਾਂ ਦੇ ਸੀ ਪਹਿਲਾਂ ਮਨਮੋਹਣਿਆਂ ਵੇ ਹੁਣ ਅਸੀਂ ਕੱਖ ਦੇ ਹਾਂ।

ਜੋ ਸੀ ਗੁੰਦਦੇ ਖਜੂਰੀ ਗੁੱਤ ਕਰਕੇ,
ਵੇ ਜ਼ੁਲਫਾਂ ਇਹ ਰਹਿਣ ਖੁੱਲ੍ਹੀਆਂ।
ਜੁੱਤੀ ਖੱਲ ਦੀ ਪਾ ਟੌਹਰ ਨਾਲ ਤੁਰਨਾ,
ਵੇ ਸੱਭੇ ਉਹ ਅਦਾਵਾਂ ਭੁੱਲੀਆਂ।
ਜਾਮਾ ਪਾ ਕੇ ਰਾਣੀਆਂ ਵਰਗਾ ਵੇ ਕਿੰਨੇ ਸੁਹਣੇ ਜਚਦੇ ਸਾਂ।
ਅਸੀਂ ਲੱਖਾਂ ਦੇ ਸੀ ਪਹਿਲਾਂ ਮਨਮੋਹਣਿਆਂ ਵੇ ਹੁਣ ਅਸੀਂ ਕੱਖ ਦੇ ਹਾਂ।

ਨਿੱਤ ਮੋਢੀਆਂ ਤੇ ਹੁੰਦਾ ਸੀ ਵੇ ਰੇਸ਼ਮੀ,
ਦੁੱਪਟਾ ਸਾਡੇ ਸੂਟ ਰੰਗ ਦਾ।
ਸਦਾ ਰਹਿੰਦਾ ਸੀ ਖੜਾਕ ਗੋਰੀ ਵੀਣੀ 'ਚ,
ਵੇ ਸਾਡੀ ਕੱਚ ਵਾਲੀ ਵੰਗ ਦਾ।
ਫੜ ਹੱਥ 'ਚ ਰੁਮਾਲ ਦੀ ਮਾਲਾ ਵੇ ਨਾਮ ਤੇਰਾ ਜਪਦੇ ਸਾਂ।
ਅਸੀਂ ਲੱਖਾਂ ਦੇ ਸੀ ਪਹਿਲਾਂ ਮਨਮੋਹਣਿਆਂ ਵੇ ਹੁਣ ਅਸੀਂ ਕੱਖ ਦੇ ਹਾਂ।

ਸਹੁੰ ਰੱਬ ਦੀ ਉਦੋਂ ਦੀ ਹੋਸ਼ ਉੱਡ ਗੀ,
ਜਦੋਂ ਦਾ ਹੈ ਤੈਨੂੰ ਤੱਕਿਆ।
ਸਾਨੂੰ ਏਨੀ ਸੁਰਤ ਨਹੀਂ ਜ਼ਾਲਮਾਂ,
ਵੇ ਕਿੱਥੇ ਜਾਵੇ ਪੈਰ ਰੱਖਿਆ।
ਤੇਰੇ ਸ਼ਹਿਰ ਦੀਆਂ ਸੜਕਾਂ ਦੀ ਭੀੜ 'ਚ ਔਖੇ ਕਿਵੇਂ ਬਚਦੇ ਸਾਂ।
ਅਸੀਂ ਲੱਖਾਂ ਦੇ ਸੀ ਪਹਿਲਾਂ ਮਨਮੋਹਣਿਆਂ ਵੇ ਹੁਣ ਅਸੀਂ ਕੱਖ ਦੇ ਹਾਂ।



ਛੰਨਾ ਦੁੱਧ ਦਾ ਮੱਖਣ ਦੇ ਪੇੜੇ,
ਵੇ ਦਹੀਂ ਵਾਲਾ ਕੌਲ ਭੁੱਲਿਆ।
ਦਿਲ ਕਰਦਾ ਹੈ ਸਦਾ ਬੇਇਮਾਨੀਆਂ,
ਜਦੋਂ ਦਾ ਤੇਰੇ ਉੱਤੇ ਡੁਲ੍ਹਿਆ।
ਰੰਗ ਪੈ ਗਿਆ ਏ ਬੱਗਾ ਸਾਡੇ ਤਨ ਦਾ ਵੇ ਅੱਗ ਵਾਂਗੂ ਮੱਚਦੇ ਸਾਂ।
ਅਸੀਂ ਲੱਖਾਂ ਦੇ ਸੀ ਪਹਿਲਾਂ ਮਨਮੋਹਣਿਆਂ ਵੇ ਹੁਣ ਅਸੀਂ ਕੱਖ ਦੇ ਹਾਂ।

ਸਾਡੀ ਅੱਥਰੀ ਜਵਾਨੀ ਫੁੱਲ ਵਰਗੀ,
ਵੇ ਕੱਖਾਂ ਵਾਂਗੂ ਰੁਲਦੀ ਫਿਰੇ।
ਮਹਿੰਗੀ ਵਧ ਕੇ ਹੀਰਿਆਂ ਨਾਲੋਂ,
ਵੇ ਕੌਡੀ ਮੁੱਲ ਤੁਲਦੀ ਫਿਰੇ।
ਘਰ ਵਾਲਿਆਂ ਦੇ ਅੱਗੇ ਤੇਰੇ ਵਾਸਤੇ ਵੇ ਨਿੱਤ ਝੂਠ ਬਕਦੇ ਹਾਂ।
ਅਸੀਂ ਲੱਖਾਂ ਦੇ ਸੀ ਪਹਿਲਾਂ ਮਨਮੋਹਣਿਆਂ ਵੇ ਹੁਣ ਅਸੀਂ ਕੱਖ ਦੇ ਹਾਂ।

ਤੇਰਾ ਇਸ਼ਕ ਨਚਾਉਂਦਾ ਸਾਨੂੰ ਸੱਜਣਾਂ, ਵੇ ਗਲੀ ਗਲੀ ਨੱਚਦੇ ਹਾਂ।
ਅਸੀਂ ਲੱਖਾਂ ਦੇ ਸੀ ਪਹਿਲਾਂ ਮਨਮੋਹਣਿਆਂ ਹੁਣ ਅਸੀਂ ਕੱਖ ਦੇ ਹਾਂ।
•

## ਗਾਲਦੇ ਹੋ ਅੱਖਾਂ ਕਾਹਨੂੰ

ਗਾਲਦੇ ਹੋ ਅੱਖਾਂ ਕਾਹਨੂੰ ਲਾ ਕੇ ਪਰਦੇਸੀਆਂ ਨਾ।
ਇਹਨਾਂ ਦਾ ਹੈ ਕੰਮ ਘਰ ਵੱਸਦੇ ਉਜਾੜਨਾ।

ਕਿਸੇ ਦਾ ਇਹ ਦੁੱਖੜਾ ਸਹਾਰਦੇ ਵੀ ਨਹੀਂ ਜੇ।
ਅੱਧ ਮੋਇਆ ਛੱਡਦੇ ਨੇ ਮਾਰਦੇ ਵੀ ਨਹੀਂ ਜੇ।
ਮਨ ਪਰਚਾਵਾ ਹੁੰਦਾ ਸੂਲੀਆਂ 'ਤੇ ਚਾੜ੍ਹਨਾ।
ਗਾਲਦੇ ਹੋ ਅੱਖਾਂ ਕਾਹਨੂੰ ਲਾ ਕੇ ਪਰਦੇਸੀਆਂ ਨਾ,
ਇਹਨਾਂ ਦਾ ਹੈ ਕੰਮ ਘਰ ਵੱਸਦੇ ਉਜਾੜਨਾ।

ਜ਼ਿੰਦਗੀ 'ਚ ਆਉਂਦੇ ਇਹ ਠੰਡੀ ਜਿਹੀ ਹਵਾ ਵਾਂਗ।
ਫੇਰ ਚੁੱਪ ਕੀਤੇ ਤੁਰ ਜਾਂਦੇ ਨੇ ਖ਼ੁਦਾ ਵਾਂਗ।
ਜਾਣਦੇ ਇਹ ਸਾਨੂੰ ਅੱਗ ਵਿਚ ਕਿਵੇਂ ਸਾੜਨਾ।
ਗਾਲਦੇ ਹੋ ਅੱਖਾਂ ਕਾਹਨੂੰ ਲਾ ਕੇ ਪਰਦੇਸੀਆਂ ਨਾ,
ਇਹਨਾਂ ਦਾ ਹੈ ਕੰਮ ਘਰ ਵੱਸਦੇ ਉਜਾੜਨਾ।

ਰੱਬ ਤੋਂ ਪਿਆਰਾ ਲੱਗੇ ਸਾਨੂੰ ਦਿਲਦਾਰ ਜੇ।
ਹੁੰਦਾ ਕੀ ਏ ਹਾਲ ਉਦੋਂ, ਹੋਣ ਨਾ ਦੀਦਾਰ ਜੇ।
ਬਿਰਹਾ ਦੇ ਸੇਕ ਨਾਲ ਦਿਲ ਪੈਂਦਾ ਕਾਹੜਨਾ।
ਗਾਲਦੇ ਹੋ ਅੱਖਾਂ ਕਾਹਨੂੰ ਲਾ ਕੇ ਪਰਦੇਸੀਆਂ ਨਾ,
ਇਹਨਾਂ ਦਾ ਹੈ ਕੰਮ ਘਰ ਵੱਸਦੇ ਉਜਾੜਨਾ।

ਆਪਾਂ ਵੀ ਲੜਾਏ ਨੈਣ ਕਿਸੇ ਤੋਂ ਲੁਕਾਵਾਂ ਨਹੀਂ।
ਉਨ੍ਹਾਂ ਨੂੰ ਵਿਛੋੜੇ ਦਾ ਵੀ ਹੁੰਦਾ ਪਛਤਾਵਾਂ ਨਹੀਂ।
ਇਨ੍ਹਾਂ ਦਾ ਹੈ ਸ਼ੌਂਕ ਆਸਾਂ ਚਾਵਾਂ ਨੂੰ ਲਤਾੜਨਾ।
ਗਾਲਦੇ ਹੋ ਅੱਖਾਂ ਕਾਹਨੂੰ ਲਾ ਕੇ ਪਰਦੇਸੀਆਂ ਨਾ,
ਇਹਨਾਂ ਦਾ ਹੈ ਕੰਮ ਘਰ ਵੱਸਦੇ ਉਜਾੜਨਾ।

ਗਾਲਦੇ ਹੋ ਅੱਖਾਂ ਕਾਹਨੂੰ ਲਾ ਕੇ ਪਰਦੇਸੀਆਂ ਨਾ,
ਇਹਨਾਂ ਦਾ ਹੈ ਕੰਮ ਘਰ ਵੱਸਦੇ ਉਜਾੜਨਾ।

•



## ਉਹਨੂੰ ਵੇਖ ਵੇਖ

ਉਹਨੂੰ ਵੇਖ ਵੇਖ ਨੈਣ ਨਹੀਂ ਰੱਜਦੇ,
ਲੱਖਾਂ ਚੋਂ ਇਕ ਮਾਹੀ ਆਪਣਾ।
ਉਹਦੀ ਦਿੱਖ ਨਾਲ ਇਹ ਵੀ ਰਹਿੰਦੇ ਸੱਜਦੇ,
ਲੱਖਾਂ ਚੋਂ ਇਕ ਮਾਹੀ ਆਪਣਾ।

ਲੱਗੇ ਇਸ਼ਕ ਕਹਾਣੀ ਉਹਦਾ ਇਕ ਇਕ ਬੋਲ।
ਦਿਲੋ ਕਰੇ ਨਿੱਤ ਰਹੇ ਸਾਡੀ ਜ਼ਿੰਦਗੀ ਦੇ ਕੋਲ।
ਉਹਦੇ ਚਿਹਰੇ ਉੱਤੇ ਤਾਜ਼ੇ ਫੁੱਲ ਅੱਜ ਦੇ,
ਲੱਖਾਂ ਚੋਂ ਇਕ ਮਾਹੀ ਆਪਣਾ।
ਉਹਨੂੰ ਵੇਖ ਵੇਖ ਨੈਣ ਨਹੀਂ ਰੱਜਦੇ,
ਲੱਖਾਂ ਚੋਂ ਇਕ ਮਾਹੀ ਆਪਣਾ।

ਵੇਖ ਅੱਖ ਨਸ਼ਿਆਈ, ਦਿਲ ਹੋ ਗਿਆ ਸ਼ੁਦਾਈ।
ਇੰਜ ਜਾਪੇ ਕਿ ਖ਼ੁਦਾਈ ਏਥੇ ਵਿਹਲੀ ਹੋ ਕੇ ਆਈ।
ਜਦੋਂ ਨੈਣ ਉਹਦੇ ਨੈਣਾਂ ਤਾਈਂ ਕੱਜ ਦੇ।
ਲੱਖਾਂ ਚੋਂ ਇਕ ਮਾਹੀ ਆਪਣਾ।
ਉਹਨੂੰ ਵੇਖ ਵੇਖ ਨੈਣ ਨਹੀਂ ਰੱਜਦੇ,
ਲੱਖਾਂ ਚੋਂ ਇਕ ਮਾਹੀ ਆਪਣਾ।

ਮਹਿਲ ਤਾਜ ਵਰਗਦਾ ਏ ਉਹਦੀ ਅੱਖ ਦਾ ਨਜ਼ਾਰਾ।
ਉਹਦੇ ਹੁਸਨ 'ਚ ਡੁੱਬਦੇ ਨੂੰ ਮਿਲੇ ਨਾ ਕਿਨਾਰਾ।
ਫੇਰ ਹੁੰਦੇ ਲੋੜਵੰਦ ਕਿਸੇ ਪੱਜ ਦੇ,
ਲੱਖਾਂ ਚੋਂ ਇਕ ਮਾਹੀ ਆਪਣਾ।
ਉਹਨੂੰ ਵੇਖ ਵੇਖ ਨੈਣ ਨਹੀਂ ਰੱਜਦੇ,
ਲੱਖਾਂ ਚੋਂ ਇਕ ਮਾਹੀ ਆਪਣਾ।

ਰੱਬਾ ਹੋਵੇ ਬਾਰ ਬਾਰ ਓਸ ਚੰਨ ਦਾ ਦੀਦਾਰ।
ਲੈ ਕੇ ਮਿਰਚਾਂ ਦੀ ਮੁੱਠੀ ਉਹਦੇ ਉਤੋਂ ਦੇਈਏ ਵਾਰ।
ਫੇਰ ਵੇਖੀਓਂ ਕਿਵੇਂ ਨੇ ਦੁੱਖ ਭੱਜਦੇ,
ਲੱਖਾਂ ਚੋਂ ਇਕ ਮਾਹੀ ਆਪਣਾ।

ਉਹਨੂੰ ਵੇਖ ਵੇਖ ਨੈਣ ਨਹੀਂ ਰੱਜਦੇ,
ਲੱਖਾਂ ਚੋਂ ਇਕ ਮਾਹੀ ਆਪਣਾ।

•



## ਸੋਹਣੇ ਸੋਹਣੇ ਗੁੱਟਾਂ ਉੱਤੇ

ਸੋਹਣੇ ਸੋਹਣੇ ਗੁੱਟਾਂ ਉੱਤੇ ਜਦੋਂ ਬੱਝ ਗਿਆ ਗਾਨਾ।
ਬੰਦ ਹੋ ਗਿਆ ਉਨ੍ਹਾਂ ਦਾ ਘਰੋਂ ਬਾਹਰ ਆਉਣਾ ਜਾਣਾ।

ਬਸ ਕੁਝ ਕੁ ਦਿਨਾਂ ਨੂੰ ਸਾਡੀ ਮੁੱਕ ਜਾਣੀ ਜਾਨ।
ਉਹਦੇ ਘਰ 'ਚ ਵਿਆਹ ਸਾਡੇ ਘਰ 'ਚ ਮਕਾਣ।
ਦਿਲ ਟੁੱਟ ਗਿਆ ਸਾਡਾ ਛੁੱਟ ਗਿਆ ਪੀਣਾ ਖਾਣਾ।
ਸੋਹਣੇ ਸੋਹਣੇ ਗੁੱਟਾਂ ਉੱਤੇ ਜਦੋਂ ਬੱਝ ਗਿਆ ਗਾਨਾ।
ਬੰਦ ਹੋ ਗਿਆ ਉਨ੍ਹਾਂ ਦਾ ਘਰੋਂ ਬਾਹਰ ਆਉਣਾ ਜਾਣਾ।

ਸਾਨੂੰ ਪਤਾ ਹੀ ਨਾ ਲੱਗਾ ਗਈਆਂ ਲੁੱਟੀਆਂ ਬਹਾਰਾਂ।
ਸਾਨੂੰ ਬਿਰਹਾ ਵਿਛੋੜੇ ਦੀਆਂ ਪੈ ਗਈਆਂ ਮਾਰਾਂ।
ਬੜਾ ਔਖਾ ਏ ਭੁਲਾਣਾ ਕੋਈ ਪਿਆਰ ਪੁਰਾਣਾ।
ਸੋਹਣੇ ਸੋਹਣੇ ਗੁੱਟਾਂ ਉੱਤੇ ਜਦੋਂ ਬੱਝ ਗਿਆ ਗਾਨਾ।
ਬੰਦ ਹੋ ਗਿਆ ਉਨ੍ਹਾਂ ਦਾ ਘਰੋਂ ਬਾਹਰ ਆਉਣਾ ਜਾਣਾ।

ਸੌ ਸ਼ਗਨਾਂ ਵਿਹਾਰਾਂ ਵਿਚ ਰੁੱਝ ਗਏ ਨੇ ਸੋਹਣੇ।
ਉਹ ਆਪਣੇ ਵਿਆਹ 'ਚ ਹੀ ਗੁਆਚ ਗਏ ਹੋਣੇ।
ਰੱਬਾ ਮੇਲ ਕਰਾ ਦੇ ਕੋਈ ਲੱਭ ਲੈ ਬਹਾਨਾ।
ਸੋਹਣੇ ਸੋਹਣੇ ਗੁੱਟਾਂ ਉੱਤੇ ਜਦੋਂ ਬੱਝ ਗਿਆ ਗਾਨਾ।
ਬੰਦ ਹੋ ਗਿਆ ਉਨ੍ਹਾਂ ਦਾ ਘਰੋਂ ਬਾਹਰ ਆਉਣਾ ਜਾਣਾ।

ਪਾਪ ਕਰਿਆ ਉਨ੍ਹਾਂ ਨੇ, ਸਾਨੂੰ ਬਹਿ ਗਏ ਭੁਲਾ ਕੇ।
ਚੰਗਾ ਕੀਤਾ ਨਹੀਂ 'ਗ਼ਜ਼ਲ' ਨੂੰ ਮਿੱਟੀ ਵਿਚ ਮਿਲਾ ਕੇ।
ਦੁੱਖ ਮਿਲਿਆ ਜੋ ਉਹਨੂੰ ਸਾਰੀ ਉਮਰ ਹੰਢਾਉਣਾ।
ਸੋਹਣੇ ਸੋਹਣੇ ਗੁੱਟਾਂ ਉੱਤੇ ਜਦੋਂ ਬੱਝ ਗਿਆ ਗਾਨਾ।
ਬੰਦ ਹੋ ਗਿਆ ਉਨ੍ਹਾਂ ਦਾ ਘਰੋਂ ਬਾਹਰ ਆਉਣਾ ਜਾਣਾ।

ਸੋਹਣੇ ਸੋਹਣੇ ਗੁੱਟਾਂ ਉੱਤੇ ਜਦੋਂ ਬੱਝ ਗਿਆ ਗਾਨਾ।
ਬੰਦ ਹੋ ਗਿਆ ਉਨ੍ਹਾਂ ਦਾ ਘਰੋਂ ਬਾਹਰ ਆਉਣਾ ਜਾਣਾ।

•

## ਕਦੇ ਤਾਂ ਸੱਜਣਾ

ਕਦੇ ਤਾਂ ਸੱਜਣਾ ਪਾ ਵੇ ਸਾਡੇ ਪਿੰਡ ਵੱਲ ਫੇਰਾ।
ਅੱਖੀਆਂ ਥੱਕੀਆਂ ਵੇਖ ਵੇਖ ਕੇ ਰਸਤਾ ਤੇਰਾ।

ਤੇਰਾ ਰਾਹ ਮੈਂ ਤੱਕਦੀ ਹਾਂ ਨਿੱਤ ਮੋੜ ਤੇ ਖੜ੍ਹ ਕੇ।
ਮੁੜ ਆਉਂਦੀ ਹਾਂ ਅੱਖਾਂ ਦੇ ਵਿਚ ਹੰਝੂ ਭਰ ਕੇ।
ਮੇਰੀ ਆਸ ਦਾ ਹੋਇਆ ਨਾ ਹੁਣ ਤਕ ਸਵੇਰਾ।
ਕਦੇ ਤਾਂ ਸੱਜਣਾ ਪਾ ਵੇ ਸਾਡੇ ਪਿੰਡ ਵੱਲ ਫੇਰਾ।
ਅੱਖੀਆਂ ਥੱਕੀਆਂ ਵੇਖ ਵੇਖ ਕੇ ਰਸਤਾ ਤੇਰਾ।

ਤੂੰ ਆਵੇਂ ਤਾਂ ਗਲੀ ਦੇ ਪੱਥਰ ਫੁੱਲ ਬਣ ਜਾਵਣ।
ਮਿੱਟੀ ਦੇ ਕਿਣਕੇ ਵੀ ਹੀਰੇ ਤੁੱਲ ਬਣ ਜਾਵਣ।
ਸਾਡੇ ਪਿੰਡ ਵੀ ਲੱਗ ਜਾਏ ਇਸ਼ਕ ਦਾ ਡੇਰਾ।
ਕਦੇ ਤਾਂ ਸੱਜਣਾ ਪਾ ਵੇ ਸਾਡੇ ਪਿੰਡ ਵੱਲ ਫੇਰਾ।
ਅੱਖੀਆਂ ਥੱਕੀਆਂ ਵੇਖ ਵੇਖ ਕੇ ਰਸਤਾ ਤੇਰਾ।

ਕਰਮਾਂ ਵਾਲਾ ਸ਼ੀਸ਼ਾ ਜੋ ਮੁੱਖ ਤੇਰਾ ਤੱਕਦਾ।
ਤੇਰੇ ਦਰਸ਼ਨ ਕਰਦਾ ਹੋਇਆ ਕਦੇ ਨਾ ਥੱਕਦਾ।
ਰੱਬਾ ਮੈਨੂੰ ਦੇ ਦੇ ਸ਼ੀਸ਼ੇ ਵਰਗਾ ਜੇਰਾ।
ਕਦੇ ਤਾਂ ਸੱਜਣਾ ਪਾ ਵੇ ਸਾਡੇ ਪਿੰਡ ਵੱਲ ਫੇਰਾ।
ਅੱਖੀਆਂ ਥੱਕੀਆਂ ਵੇਖ ਵੇਖ ਕੇ ਰਸਤਾ ਤੇਰਾ।

ਮੇਰੇ ਪਿੰਡ 'ਤਲਵੰਡੀ' ਦੇ ਵਿਚ ਚਰਨ ਤੂੰ ਪਾ ਦੇ।
ਮੇਰੀ ਕਿਸਮਤ ਦੀ ਗੁੱਡੀ ਨੂੰ ਅਰਸ਼ ਚੜ੍ਹ ਦੇ।
ਤੂੰ ਆਵੇਂ ਤਾਂ 'ਗ਼ਜ਼ਲ' ਦੇ ਘਰ ਹੋ ਜਾਏ ਸਵੇਰਾ।
ਕਦੇ ਤਾਂ ਸੱਜਣਾ ਪਾ ਵੇ ਸਾਡੇ ਪਿੰਡ ਵੱਲ ਫੇਰਾ।
ਅੱਖੀਆਂ ਥੱਕੀਆਂ ਵੇਖ ਵੇਖ ਕੇ ਰਸਤਾ ਤੇਰਾ।

ਕਦੇ ਤਾਂ ਸੱਜਣਾ ਪਾ ਵੇ ਸਾਡੇ ਪਿੰਡ ਵੱਲ ਫੇਰਾ।
ਅੱਖੀਆਂ ਥੱਕੀਆਂ ਵੇਖ ਵੇਖ ਕੇ ਰਸਤਾ ਤੇਰਾ।

•



## ਸਾਡਾ ਬਣ ਕੇ ਤਾਂ ਵੇਖ

ਸਾਡਾ ਬਣ ਕੇ ਤਾਂ ਵੇਖ, ਤੇਰੇ ਬਦਲਣ ਗੇ ਲੇਖ।
ਕਾਹਨੂੰ ਹੌਕੇ ਤੂੰ ਭਰੇ ਵੇ ਸਾਨੂੰ ਗ਼ੈਰਾਂ ਨਾਲ ਵੇਖ।

ਜੇ ਲੱਗੇ ਤੈਨੂੰ ਭੁੱਖ ਮਾਸ ਆਪਣਾ ਖੁਆਈਏ।
ਤੈਨੂੰ ਲੱਗੇ ਜੇ ਪਿਆਸ ਅਸੀਂ ਖ਼ੂਨ ਵੀ ਪਿਆਈਏ।
ਅਸੀਂ ਆਸ਼ਿਕ ਹਾਂ ਸੱਚੇ ਕਦੇ ਰੱਖੀਏ ਨ ਭੇਖ।
ਸਾਡਾ ਬਣ ਕੇ ਤਾਂ ਵੇਖ, ਤੇਰੇ ਬਦਲਣ ਗੇ ਲੇਖ।
ਕਾਹਨੂੰ ਹੌਕੇ ਤੂੰ ਭਰੇ ਵੇ ਸਾਨੂੰ ਗ਼ੈਰਾਂ ਨਾਲ ਵੇਖ।

ਐਵੇਂ ਚਾਂਦੀ ਦੀਆਂ ਛਿੱਲੜਾਂ ਤੇ ਮਾਣ ਨਹੀਂ ਕਰੀ ਦਾ।
ਇੰਜ ਦੁਖਦਿਆਂ ਜ਼ਖ਼ਮਾਂ ਤੇ ਹੱਥ ਨਹੀਂ ਧਰੀ ਦਾ।
ਸਾਥੋਂ ਝੱਲ ਨਹੀਂ ਹੋਣੀ ਇਕ ਤਿੱਖੀ ਜਹੀ ਮੇਖ।
ਸਾਡਾ ਬਣ ਕੇ ਤਾਂ ਵੇਖ, ਤੇਰੇ ਬਦਲਣ ਗੇ ਲੇਖ।
ਕਾਹਨੂੰ ਹੌਕੇ ਤੂੰ ਭਰੇ ਵੇ ਸਾਨੂੰ ਗ਼ੈਰਾਂ ਨਾਲ ਵੇਖ।

ਝੂਠੇ ਆਸ਼ਕਾਂ ਦੇ ਨਾਲ ਜੱਗ ਭਰਿਆ ਹੈ ਸਾਰਾ।
ਪਰ ਸੱਚੀਆਂ ਮੁਹੱਬਤਾਂ ਨਹੀਂ ਲੱਭਦੀਆਂ ਯਾਰਾਂ।
ਹਰ ਹੱਥ ਵਿਚ ਹੁੰਦੀ ਨਾ ਇਹ ਸੋਨੇ ਜਹੀ ਰੇਖ।
ਸਾਡਾ ਬਣ ਕੇ ਤਾਂ ਵੇਖ, ਤੇਰੇ ਬਦਲਣ ਗੇ ਲੇਖ।
ਕਾਹਨੂੰ ਹੌਕੇ ਤੂੰ ਭਰੇ ਵੇ ਸਾਨੂੰ ਗ਼ੈਰਾਂ ਨਾਲ ਵੇਖ।

ਸਹੁੰ ਰੱਬ ਦੀ ਮੈਂ ਪਹਿਲਾਂ ਕਦੇ ਪਿਆਰ ਨਹੀਂ ਪਾਇਆ।
ਜਿੰਨਾ ਚਾਹਿਆ ਹੈ ਮੈਂ ਤੈਨੂੰ ਏਨਾ ਕਿਸੇ ਨੂੰ ਨਹੀਂ ਚਾਹਿਆ।
ਤੇਰੇ ਨਾਮ ਲਿਖ ਦਿੱਤਾ 'ਗ਼ਜ਼ਲ' ਨੇ ਵੀ ਸਿਰਲੇਖ।
ਸਾਡਾ ਬਣ ਕੇ ਤਾਂ ਵੇਖ, ਤੇਰੇ ਬਦਲਣ ਗੇ ਲੇਖ।
ਕਾਹਨੂੰ ਹੌਕੇ ਤੂੰ ਭਰੇ ਵੇ ਸਾਨੂੰ ਗ਼ੈਰਾਂ ਨਾਲ ਵੇਖ।

ਸਾਡਾ ਬਣ ਕੇ ਤਾਂ ਵੇਖ, ਤੇਰੇ ਬਦਲਣ ਗੇ ਲੇਖ।
ਕਾਹਨੂੰ ਹੌਕੇ ਤੂੰ ਭਰੇ ਵੇ ਸਾਨੂੰ ਗ਼ੈਰਾਂ ਨਾਲ ਵੇਖ।

•

## ਛੁੱਟੀ ਕੱਟ ਫੌਜੀਆ

ਛੁੱਟੀ ਕੱਟ ਫੌਜੀਆ ਤੂੰ ਲੈ ਨਹੀਂ ਜਾਂਦਾ ਨਾਲ ਵੇ।
ਤੇਰੇ ਪਿੱਛੇ ਤੱਤੜੀ ਦਾ ਹੁੰਦਾ ਬੁਰਾ ਹਾਲ ਵੇ।

ਸਾਡੇ ਵਿਹੜੇ ਆਉਂਦਾ ਕੋਈ ਦਿਨਾਂ ਦਾ ਪ੍ਰਾਹੁਣਾ ਵੇ।
ਬਾਂਹ ਫੜ ਪੁੱਛਦੀ ਹਾਂ ਫੇਰ ਕਦੋਂ ਆਉਣਾ ਵੇ।
ਤੇਰੇ ਬਾਝੋਂ ਦਿਨ ਵੀ ਇਹ ਲੱਗਦੇ ਨੇ ਸਾਲ ਵੇ।
ਤੇਰੇ ਪਿੱਛੇ ਤੱਤੜੀ ਦਾ ਹੁੰਦਾ ਬੁਰਾ ਹਾਲ ਵੇ।

ਜੋਬਨਾਂ ਦੀ ਰੁੱਤ ਜਾਣੀ ਹਿਜਰ ਵਿਚ ਰੁਲ. ਵੇ।
ਸੁਰਮਾਂ ਗਲੇਡੂਆਂ ਦੇ ਨਾਲ ਜਾਣਾ ਡੁੱਲ੍ਹ ਵੇ।
ਹਾਰ ਤੇ ਸ਼ਿੰਗਾਰ ਸਾਡਾ ਸੋਂਹਦਾ ਤੇਰੇ ਨਾਲ ਵੇ।
ਤੇਰੇ ਪਿੱਛੇ ਤੱਤੜੀ ਦਾ ਹੁੰਦਾ ਬੁਰਾ ਹਾਲ ਵੇ।

ਬਹਿ ਕੇ ਅਸਾਂ ਰੱਜ ਰੱਜ ਕੀਤੀਆਂ ਨਾ ਗੱਲਾਂ ਵੇ।
ਮਨ ਦੀ ਸੀ ਰੀਝ ਤੈਨੂੰ ਆਪ ਪੱਖੀ ਝੱਲਾਂ ਵੇ।
ਤੁਰ ਜਾਣਾ ਤੇਰਾ ਮੈਨੂੰ ਕਰ ਗਿਆ ਹਲਾਲ ਵੇ।
ਤੇਰੇ ਪਿੱਛੇ ਤੱਤੜੀ ਦਾ ਹੁੰਦਾ ਬੁਰਾ ਹਾਲ ਵੇ।

ਚੱਤੇ ਪਹਿਰ ਦੁੱਖ ਦੀਆਂ ਘੜੀਆਂ ਹੰਢਾਈਆਂ ਨੇ।
ਤੇਰੀਆਂ ਉਡੀਕਾਂ ਮੇਰੇ ਨਾਲ ਹੀ ਵਿਆਹੀਆਂ ਨੇ।
ਖੁਲ੍ਹੇ ਦਿਲ ਹੱਸ ਲਾਂ ਇਹ ਮੇਰੀ ਕੀ ਮਜਾਲ ਵੇ।
ਤੇਰੇ ਪਿੱਛੇ ਤੱਤੜੀ ਦਾ ਹੁੰਦਾ ਬੁਰਾ ਹਾਲ ਵੇ।

ਮੈਨੂੰ ਨਾਲ ਰੱਖ ਲੈ ਮੈਂ ਏਥੇ ਨਹੀਉਂ ਵੱਸਣਾ।
ਤੇਰੇ ਬਿਨਾ ਕਿਸੇ ਨੂੰ ਵੀ ਦੁੱਖ ਨਹੀਉਂ ਦੱਸਣਾ।
ਕੋਈ ਪੁੱਛੇ ਗ਼ਜ਼ਲ ਤਾਈਂ ਕਿੰਨੇ ਵੀ ਸਵਾਲ ਵੇ।

ਛੁੱਟੀ ਕੱਟ ਫੌਜੀਆ ਤੂੰ ਲੈ ਨਹੀਂ ਜਾਂਦਾ ਨਾਲ ਵੇ।
ਤੇਰੇ ਪਿੱਛੇ ਤੱਤੜੀ ਦਾ ਹੁੰਦਾ ਬੁਰਾ ਹਾਲ ਵੇ।

•



## ਮੇਰਾ ਮਾਹੀ ਵਲੈਤੋਂ ਆਇਆ

ਮੇਰਾ ਮਾਹੀ ਵਲੈਤੋਂ ਆਇਆ ਮੇਰੀ ਸੌਂਕਣ ਨਾਲ ਲਿਆਇਆ।
ਗਿਆ ਸੀ ਕਰਨ ਕਮਾਈਆਂ ਐਪਰ, ਇਸ ਨੇ ਇਹ ਕੀ ਚੰਨ ਚੜ੍ਹਾਇਆ।

ਉਹਦੇ ਆਵਣ ਦਾ ਰਸਤਾ ਮੈਂ,
ਅੱਡੀਆਂ ਚੁੱਕ ਚੁੱਕ ਵਿੰਹਦੀ ਰਹੀ ਸਾਂ।
ਅਪਣੇ ਦਿਲ ਦੀ ਹਰ ਗੱਲ ਨੂੰ,
ਅਪਣੇ ਦਿਲ ਨੂੰ ਕਹਿੰਦੀ ਰਹੀ ਸਾਂ।
ਹੁਣ ਉਹ ਜਦੋਂ ਹੈ ਪਰਤ ਕੇ ਆਇਆ ਮੇਰੇ ਲਈ ਮੌਤ ਬਣ ਆਇਆ।
ਮੇਰਾ ਮਾਹੀ ਵਲੈਤੋਂ ਆਇਆ ਮੇਰੀ ਸੌਂਕਣ ਨਾਲ ਲਿਆਇਆ।

ਮੈਂ ਤੱਤੜੀ ਨੇ ਕਿਹੜਾ ਰੱਬਾ,
ਅੱਜ ਤੱਕ ਕੋਈ ਪਾਪ ਹੈ ਕੀਤਾ।
ਉਸ ਦੀ ਫੋਟੋ ਨੂੰ ਗਲ਼ ਲਾ ਕੇ,
ਅਪਣਾ ਹਰ ਇਕ ਜ਼ਖ਼ਮ ਹੈ ਸੀਤਾ।
ਰੱਬ ਵਾਂਗੂ ਉਹਦਾ ਨਾਂ ਲੈਕੇ, ਅਪਣੇ ਹਿਜਰ ਦਾ ਸਮਾਂ ਬਿਤਾਇਆ।
ਮੇਰਾ ਮਾਹੀ ਵਲੈਤੋਂ ਆਇਆ ਮੇਰੀ ਸੌਂਕਣ ਨਾਲ ਲਿਆਇਆ।

ਜਦ ਉਹ ਦੂਰ ਵਸੇਂਦਾ ਸੀਗਾ,
ਮੈਂ ਸਾਂ ਪਾ ਪਾ ਚਿੱਠੀਆਂ ਹਾਰੀ।
ਆਉਂਦੇ ਡਾਕੀਏ ਦੀ ਸੁਣ ਘੰਟੀ,
ਵੱਧ ਜਾਂਦੀ ਮੇਰੀ ਧੜਕਣ ਪਿਆਰੀ।
ਉਹਦਾ ਇਕ ਵੀ ਖ਼ਤ ਨਾ ਡਾਕੀਏ, ਅੱਜ ਤੱਕ ਮੇਰੇ ਹੱਥ ਫੜਾਇਆ।
ਮੇਰਾ ਮਾਹੀ ਵਲੈਤੋਂ ਆਇਆ ਮੇਰੀ ਸੌਂਕਣ ਨਾਲ ਲਿਆਇਆ।

ਪਾਈ ਬੈਠਾ ਮਾਹੀ ਮੇਰਾ,
ਕਿਸੇ ਹੋਰ ਦੇ ਗਲ. ਵਿਚ ਬਾਹਵਾਂ।
ਇਹਨੂੰ ਭੁੱਲ ਗਈਆਂ ਕਿਉਂ ਰੱਬਾ,

ਮੇਰੇ ਨਾਲ ਜੋ ਲਈਆਂ ਲਾਵਾਂ।
ਖ਼ਬਰੇ ਗੋਰੀ ਮੇਮ ਨੇ ਇਸ ਤੇ, ਕਿਸ ਜਾਦੂ ਦਾ ਤੀਰ ਚਲਾਇਆ।
ਮੇਰਾ ਮਾਹੀ ਵਲੈਤੋਂ ਆਇਆ ਮੇਰੀ ਸੌਂਕਣ ਨਾਲ ਲਿਆਇਆ।

ਚੁੱਪ ਚੁਪੀਤੀ ਦੁੱਖ ਸਮੇਟੀ,
ਗਲ਼ ਦਿਲ ਦੇ ਲੱਗ ਕੇ ਰੋਵਾਂ।
ਸਿਰ ਦਾ ਸਾਈਂ ਦੇ ਗਿਆ ਧੋਖਾ,
ਕਿਹੜੇ ਰੁੱਖ ਦੀ ਛਾਂ ਖਲੋਵਾਂ।
ਇਸ ਨੇ ਆਪਣੇ ਘਰ ਦੇ ਵਿਚੋਂ, ਮੇਰਾ ਅੰਨ ਜਲ ਆਪ ਮੁਕਾਇਆ।
ਮੇਰਾ ਮਾਹੀ ਵਲੈਤੋਂ ਆਇਆ ਮੇਰੀ ਸੌਂਕਣ ਨਾਲ ਲਿਆਇਆ।

ਮੇਰਾ ਮਾਹੀ ਵਲੈਤੋਂ ਆਇਆ ਮੇਰੀ ਸੌਂਕਣ ਨਾਲ ਲਿਆਇਆ।
ਮੇਰਾ ਮਾਹੀ ਵਲੈਤੋਂ ਆਇਆ ਮੇਰੀ ਸੌਂਕਣ ਨਾਲ ਲਿਆਇਆ।
•



## ਏਸ ਜ਼ਮਾਨੇ ਦੇ ਮਾਪੇ

ਏਸ ਜ਼ਮਾਨੇ ਦੇ ਮਾਪੇ ਕਿਉਂ, ਅਣਜੰਮੀ ਧੀ ਮਾਰ ਦਿੰਦੇ।
ਦੁਨੀਆਂ ਵੇਖਣ ਤੋਂ ਪਹਿਲਾਂ ਹੀ, ਨਜ਼ਰਾਂ ਕਰ ਬੇਕਾਰ ਦਿੰਦੇ।

ਦੁੱਖਾਂ ਤੇ ਤਕਲੀਫਾਂ ਦੀ ਥਾਂ,
ਤਾਹਨਿਆਂ ਅਤੇ ਦੋਸ਼ਾਂ ਦੀ ਥਾਂ।
ਏਸ ਪਿਆਰ ਦੀ ਭੁੱਖੀ ਤਾਈਂ, ਨਹੀਂ ਰਤਾ ਵੀ ਪਿਆਰ ਦਿੰਦੇ।
ਏਸ ਜ਼ਮਾਨੇ ਦੇ ਮਾਪੇ ਕਿਉਂ, ਅਣਜੰਮੀ ਧੀ ਮਾਰ ਦਿੰਦੇ।
ਦੁਨੀਆਂ ਵੇਖਣ ਤੋਂ ਪਹਿਲਾਂ ਹੀ, ਨਜ਼ਰਾਂ ਕਰ ਬੇਕਾਰ ਦਿੰਦੇ।

ਰੱਬਾ ਥੋਹੜਾ ਰਹਿਮ ਕਰ ਇਸ ਤੇ,
ਤੈਨੂੰ ਹੋਰ ਇਹ ਕੀ ਆਖੇ।
ਇਹ ਦੁਖਿਆਰੀ ਜੀਣਾ ਚਾਹੁੰਦੀ, ਜਿਹਨੂੰ ਕੁੱਖ ਵਿਚ ਮਾਰ ਦਿੰਦੇ।
ਏਸ ਜ਼ਮਾਨੇ ਦੇ ਮਾਪੇ ਕਿਉਂ, ਅਣਜੰਮੀ ਧੀ ਮਾਰ ਦਿੰਦੇ।
ਦੁਨੀਆਂ ਵੇਖਣ ਤੋਂ ਪਹਿਲਾਂ ਹੀ, ਨਜ਼ਰਾਂ ਕਰ ਬੇਕਾਰ ਦਿੰਦੇ।

ਪੁੱਛੋ ਇਸ ਜਗ ਦੀ ਜਣਨੀ ਨੂੰ,
ਜਿਸ ਨੂੰ ਘਰ ਵਸਾਉਣੇ ਪੈਂਦੇ ਨੇ।
ਫਿਰ ਵੀ ਦਾਜ ਦੇ ਲੋਭੀ ਜਿਊਂਦੀ, ਦਾ ਹੀ ਕਰ ਸਸਕਾਰ ਦਿੰਦੇ।
ਏਸ ਜ਼ਮਾਨੇ ਦੇ ਮਾਪੇ ਕਿਉਂ, ਅਣਜੰਮੀ ਧੀ ਮਾਰ ਦਿੰਦੇ।
ਦੁਨੀਆਂ ਵੇਖਣ ਤੋਂ ਪਹਿਲਾਂ ਹੀ, ਨਜ਼ਰਾਂ ਕਰ ਬੇਕਾਰ ਦਿੰਦੇ।
•

## ਆਓ ਨੱਚੀਏ ਤੇ ਗਾਈਏ

ਆਓ ਨੱਚੀਏ ਤੇ ਗਾਈਏ, ਬੀਤੇ ਦੁੱਖ ਭੁੱਲ ਜਾਈਏ।
ਪਿਆਰ ਸ਼ਾਂਤੀ ਦੇ ਨਾਂ ਦਾ, ਇਕ ਇਕ ਬਾਗ ਲਗਾਈਏ।

ਹੱਥ ਅੱਡਣੇ ਨਾ ਆਪਾਂ,
ਸਾਡੇ ਧਰਮ ਹੈ ਸਿਖਾਇਆ।
ਸਦਾ ਨੀਵੇਂ ਹੋਕੇ ਜੀਣਾ,
ਸਾਡੇ ਗੁਰਾਂ ਫਰਮਾਇਆ।
ਜ਼ਾਤ ਪਾਤ ਨੇ ਜੋ ਪਾਈ, ਆਓ ਵਿੱਥ ਉਹ ਮਿਟਾਈਏ।
ਆਓ ਨੱਚੀਏ ਤੇ ਗਾਈਏ, ਬੀਤੇ ਦੁੱਖ ਭੁੱਲ ਜਾਈਏ।
ਪਿਆਰ ਸ਼ਾਂਤੀ ਦੇ ਨਾਂ ਦਾ, ਇਕ ਇਕ ਬਾਗ ਲਗਾਈਏ।

ਸਦਾ ਸੱਚ ਸੱਚ ਬੋਲੋ,
ਕਰੋ ਝੂਠ ਦਾ ਸਫਾਇਆ।
ਏਸੇ ਸਿੱਖਿਆ ਦੇ ਦੀਵੇ,
ਹਰ ਘਰ ਰੁਸ਼ਨਾਇਆ।
ਰੋਗ ਈਰਖਾ ਦਾ ਮਾੜਾ, ਇਹਦਾ ਦਾਰੂ ਬਣ ਜਾਈਏ।
ਆਓ ਨੱਚੀਏ ਤੇ ਗਾਈਏ, ਬੀਤੇ ਦੁੱਖ ਭੁੱਲ ਜਾਈਏ।
ਪਿਆਰ ਸ਼ਾਂਤੀ ਦੇ ਨਾਂ ਦਾ, ਇਕ ਇਕ ਬਾਗ ਲਗਾਈਏ।

ਕਰੋ ਸਭ ਨਾਲ ਪਿਆਰ,
ਦਸਾਂ ਗੁਰਾਂ ਦੀ ਪੁਕਾਰ।
ਗਲੇ ਮਿਲੋ ਤੋੜ ਦੇਵੋ,
ਜ਼ਾਤਪਾਤ ਦੀ ਦੀਵਾਰ।
ਆਪਾਂ ਸੁਹਣੀ ਜਹੀ ਬਗੀਚੀ, ਵਿਚ ਫੁੱਲ ਬਣ ਜਾਈਏ।
ਆਓ ਨੱਚੀਏ ਤੇ ਗਾਈਏ, ਬੀਤੇ ਦੁੱਖ ਭੁੱਲ ਜਾਈਏ।
ਪਿਆਰ ਸ਼ਾਂਤੀ ਦੇ ਨਾਂ ਦਾ, ਇਕ ਇਕ ਬਾਗ ਲਗਾਈਏ।



ਕਦੇ ਪਾਪ ਨਾ ਕਮਾਓ,
ਨਾ ਹੀ ਕਰੋ ਬੇਵਫ਼ਾਈ।
ਜਿੱਥੇ ਵੰਡ ਵੰਡ ਖਾਈਏ,
ਓਥੇ ਵੱਸਦੀ ਖ਼ੁਦਾਈ।
ਸਾਡੇ ਬਾਗ ਦਾ ਸ਼ਿੰਗਾਰ, ਬੂਟੇ ਪਿਆਰ ਵਾਲੇ ਲਗਾਈਏ।
ਆਓ ਨੱਚੀਏ ਤੇ ਗਾਈਏ, ਬੀਤੇ ਦੁੱਖ ਭੁੱਲ ਜਾਈਏ।
ਪਿਆਰ ਸ਼ਾਂਤੀ ਦੇ ਨਾਂ ਦਾ, ਇਕ ਇਕ ਬਾਗ ਲਗਾਈਏ।

•

## ਜਾਹ ਨੀਂ ਚਿੱਠੀਏ

ਜਾਹ ਨੀਂ ਚਿੱਠੀਏ, ਦੱਸੀਂ ਗੱਲਾਂ,
ਸਾਡੇ ਉਜੜੇ ਸ਼ਹਿਰ ਦੀਆਂ।
ਮੇਰੇ ਮਾਹੀ ਤਾਈਂ ਦੱਸੀਂ,
ਹਰ ਇਕ ਗੁਜ਼ਰੇ ਕਹਿਰ ਦੀਆਂ।

ਕੀ ਕੀ ਹੋਇਆ ਕਿੱਦਾਂ ਬੀਤੀ,
ਸਭ ਕੁਝ ਜਾ ਕੇ ਬੋਲ ਦਈਂ।
ਬੰਦ ਪਟਾਰੀ ਦਰਦਾਂ ਦੀ ਤੂੰ,
ਸੱਜਣਾਂ ਅੱਗੇ ਖੋਹਲ ਦਈਂ।
ਦੱਸੀਂ ਉਸ ਨੂੰ ਉਸ ਬਿਨ ਖੁਸ਼ੀਆਂ,
ਸਾਡੇ ਘਰ ਨਹੀਂ ਠਹਿਰ ਦੀਆਂ।
ਮੇਰੇ ਮਾਹੀ ਤਾਈਂ ਦੱਸੀਂ,
ਹਰ ਇਕ ਗੁਜ਼ਰੇ ਕਹਿਰ ਦੀਆਂ।

ਅੱਖੀਆਂ ਦੇ ਵਿਚ ਨੀਂਦ ਨਾ ਠਹਿਰੇ,
ਬੁੱਲ੍ਹਾਂ ਦੀ ਮੁਸਕਾਨ ਗਈ।
ਚੁੱਪ ਦੇ ਡੂੰਘੇ ਸਾਗਰ ਦੇ ਵਿਚ,
ਕੱਲੀ ਕਾਰੀ ਜਾਨ ਪਈ।
ਦੱਸੀਂ ਪੀੜਾਂ ਕਿੱਦਾਂ ਝੱਲੀਆਂ,
ਬਾਹਰੋਂ ਟੁੱਟੇ ਕਹਿਰ ਦੀਆਂ।
ਮੇਰੇ ਮਾਹੀ ਤਾਈਂ ਦੱਸੀਂ,
ਹਰ ਇਕ ਗੁਜ਼ਰੇ ਕਹਿਰ ਦੀਆਂ।

ਨਾ ਉਹ ਹਾਸੇ ਨਾ ਉਹ ਰੌਣਕ,
ਨਾ ਉਹ ਗੀਤ ਬਹਾਰਾਂ ਨੇ।
ਕੁਦਰਤ ਰੱਬ ਦੀ ਫਿੱਕੀ ਪੈ ਗਈ,
ਮੁਰਝਾਈਆਂ ਗੁਲਜ਼ਾਰਾਂ ਨੇ।
ਕਿਸੇ ਵਿਚੋਂ ਵੀ ਸ਼ਹਿਦ ਨਾ ਮਿਲਿਆ,
ਸਭ ਪੁੜੀਆਂ ਸੀ ਜ਼ਹਿਰ ਦੀਆਂ।
ਮੇਰੇ ਮਾਹੀ ਤਾਈਂ ਦੱਸੀਂ,
ਹਰ ਇਕ ਗੁਜ਼ਰੇ ਕਹਿਰ ਦੀਆਂ।



ਜਿੱਥੇ ਸੀ ਸੱਤਰੰਗੀ ਫੁਲਕਾਰੀ,
ਓਥੇ ਟਾਵੀਂ-ਟਾਵੀਂ ਕਲੀ ਪਈ।
ਜਿੱਥੇ ਸੀਗੀ ਤੇਰੀ ਰੌਣਕ,
ਉਹ ਵੀ ਸੁੰਨੀ ਗਲੀ ਪਈ।
ਦਿਲ ਦੇ ਅਰਸ਼ ਤੇ ਛਾ ਗਈਆਂ ਨੇ,
ਘੋਰ ਅਦਾਵਾਂ ਗਹਿਰ ਦੀਆਂ।
ਮੇਰੇ ਮਾਹੀ ਤਾਈਂ ਦੱਸੀਂ,
ਹਰ ਇਕ ਗੁਜ਼ਰੇ ਕਹਿਰ ਦੀਆਂ।

ਤੇਰੇ ਬਾਝੋਂ ਗੁੰਮ ਨਜ਼ਾਰੇ,
ਰੌਲਾ ਰੱਪਾ ਸ਼ੋਰ ਨਹੀਂ।
ਹਨ੍ਹੇਰੇ ਵਿਚ ਜੋ ਕਰੇ ਰੌਸ਼ਨੀ,
ਤੁੱਧ ਬਿਨ ਦੀਵਾ ਹੋਰ ਨਹੀਂ।
ਬਿਨ ਤੇਰੇ ਚੁੱਪ ਹੋ ਨੇ ਗਈਆਂ,
ਖੁਸ਼ੀਆਂ ਹੱਸਦੇ ਸ਼ਹਿਰ ਦੀਆਂ।
ਮੇਰੇ ਮਾਹੀ ਤਾਈਂ ਦੱਸੀਂ,
ਹਰ ਇਕ ਗੁਜ਼ਰੇ ਕਹਿਰ ਦੀਆਂ।

ਦਿਲ ਨੇ ਗੀਤ ਲਿਖੇ ਵਸਲਾਂ ਦੇ,
ਬੁੱਲ੍ਹੀਆਂ ਵਿਚ ਦਮ ਤੋੜ ਗਏ।
ਹਾਸੇ ਬੁੱਲ੍ਹਾਂ ਤੇ ਨਹੀਂ ਆਉਂਦੇ,
ਅੱਖ ਚੋਂ ਹੰਝੂ ਰੋਹੜ ਗਏ।
ਦੱਸੀਂ ਬਾਤਾਂ ਸ਼ਿਕਵੇ ਭਰੀਆਂ,
ਅੱਖ 'ਚੋਂ ਵਹਿੰਦੀ ਨਹਿਰ ਦੀਆਂ।
ਮੇਰੇ ਮਾਹੀ ਤਾਈਂ ਦੱਸੀਂ,
ਹਰ ਇਕ ਗੁਜ਼ਰੇ ਕਹਿਰ ਦੀਆਂ।

ਜਾਹ ਨੀਂ ਚਿੱਠੀਏ ਦੱਸੀਂ ਗੱਲਾਂ,
ਸਾਡੇ ਉਜੜੇ ਸ਼ਹਿਰ ਦੀਆ।
ਮੇਰੇ ਮਾਹੀ ਤਾਈਂ ਦੱਸੀਂ,
ਹਰ ਇਕ ਗੁਜ਼ਰੇ ਕਹਿਰ ਦੀਆਂ।
•

## ਧੀਆਂ ਨਾ ਦੇ ਰੱਬਾ

ਧੀਆਂ ਨਾ ਦੇ ਰੱਬਾ ਹੁਣ ਘਰ ਤੂੰ ਗਰੀਬਾਂ ਦੇ।
ਕਿਸੇ ਦੇ ਨਾ ਲਿਖ ਮਾੜੇ ਲੇਖ ਵੀ ਨਸੀਬਾਂ ਦੇ।

ਧੀਆਂ ਕਿਤੇ ਰਾਤ ਨੂੰ ਨਾ ਉੱਠ ਉੱਠ ਖਾਂਦੀਆ।
ਮਾਪਿਆਂ ਦੇ ਨਾਲ ਧੀਆਂ ਮਰ ਮਰ ਜਾਂਦੀਆਂ।
ਸਹਿਣੇ ਪੈਂਦੇ ਡੰਗ ਨੇ ਸੱਪਾਂ ਦੀਆਂ ਜੀਭਾਂ ਦੇ।
ਧੀਆਂ ਨਾ ਦੇ ਰੱਬਾ ਹੁਣ ਘਰ ਤੂੰ ਗਰੀਬਾਂ ਦੇ।
ਕਿਸੇ ਦੇ ਨਾ ਲਿਖ ਮਾੜੇ ਲੇਖ ਵੀ ਨਸੀਬਾਂ ਦੇ।

ਮਾਵਾਂ ਦੀਆਂ ਫਿਕਰਾਂ ਵਿਚ ਪੈਣ ਜ਼ਿੰਦਗਾਨੀਆਂ।
ਧੀਆਂ 'ਤੇ ਧਰੇਕਾਂ ਵਾਂਗੂ ਆਉਂਦੀਆਂ ਜਵਾਨੀਆਂ।
ਤੰਗ ਹੁੰਦੇ ਜਾਂਦੇ ਸੱਭੇ ਨਾਪ ਵੀ ਜਰੀਬਾਂ ਦੇ।
ਧੀਆਂ ਨਾ ਦੇ ਰੱਬਾ ਹੁਣ ਘਰ ਤੂੰ ਗਰੀਬਾਂ ਦੇ।
ਕਿਸੇ ਦੇ ਨਾ ਲਿਖ ਮਾੜੇ ਲੇਖ ਵੀ ਨਸੀਬਾਂ ਦੇ।

ਕੁੱਖ ਵਿਚ ਧੀ ਨੂੰ ਕੀ ਸਤਿਕਾਰ ਦੇਂਦੀਆਂ।
ਬਾਪ ਦੀ ਸਲਾਹ ਨਾਲ ਮਾਂਵਾਂ ਮਾਰ ਦੇਂਦੀਆਂ।
ਜ਼ਹਿਰ ਵਿਚ ਭਿੱਜੇ ਨੇ ਇਲਾਜ ਵੀ ਤਬੀਬਾਂ ਦੇ।
ਧੀਆਂ ਨਾ ਦੇ ਰੱਬਾ ਹੁਣ ਘਰ ਤੂੰ ਗਰੀਬਾਂ ਦੇ।
ਕਿਸੇ ਦੇ ਨਾ ਲਿਖ ਮਾੜੇ ਲੇਖ ਵੀ ਨਸੀਬਾਂ ਦੇ।

ਹੁੰਦਾ 'ਕੁਲਜੀਤ' ਸਾਡਾ ਰੋਣਾ ਏਸੇ ਗੱਲ ਦਾ।
ਦੁਨੀਆਂ ਦੇ ਲੋਕ ਨਾ ਹੀ ਰੱਬ ਸਾਡੇ ਵੱਲ ਦਾ।
ਖਾਲੀ ਖਾਲੀ ਵਰਕੇ ਨੇ ਸਾਡਿਆਂ ਨਸੀਬਾਂ ਦੇ।
ਧੀਆਂ ਨਾ ਦੇ ਰੱਬਾ ਹੁਣ ਘਰ ਤੂੰ ਗਰੀਬਾਂ ਦੇ।
ਕਿਸੇ ਦੇ ਨਾ ਲਿਖ ਮਾੜੇ ਲੇਖ ਵੀ ਨਸੀਬਾਂ ਦੇ।

ਧੀਆਂ ਨਾ ਦੇ ਰੱਬਾ ਹੁਣ ਘਰ ਤੂੰ ਗਰੀਬਾਂ ਦੇ।
ਕਿਸੇ ਦੇ ਨਾ ਲਿਖ ਮਾੜੇ ਲੇਖ ਵੀ ਨਸੀਬਾਂ ਦੇ।

•



## ਬਿਰਹਾ ਲਿਖਣਾ ਬਿਰਹਾ ਗਾਉਣਾ

ਬਿਰਹਾ ਲਿਖਣਾ ਬਿਰਹਾ ਗਾਉਣਾ।
ਪਲ ਪਲ ਬਿਰਹਾ ਨਾਮ ਧਿਆਉਣਾ।

ਕੋਈ ਨਾ ਰੋਕੇ ਕੋਈ ਨਾ ਟੋਕੇ।
ਗਲੀ ਗਲੀ ਵਿਚ ਦੇਵਾਂ ਹੋਕੇ।
ਬੇਸ਼ਕ ਹੋਵਾਂ ਟੋਟੇ ਟੋਟੇ।
ਅਪਣੇ ਇਸ਼ਕ ਨੂੰ ਦਾਗ ਨਹੀਂ ਲਾਉਣਾ।
ਬਿਰਹਾ ਲਿਖਣਾ ਬਿਰਹਾ ਗਾਉਣਾ।
ਪਲ ਪਲ ਬਿਰਹਾ ਨਾਮ ਧਿਆਉਣਾ।

ਕੋਠੇ ਚੜ੍ਹ ਕੇ ਦੱਸਾਂ ਸਭ ਨੂੰ।
ਲੋਕਾ ਵੇ ਮੈਂ ਪਾਇਆ ਰੱਬ ਨੂੰ।
ਓਹੀ ਮੇਰੀ ਜ਼ਿੰਦ ਦਾ ਵਾਰਿਸ,
ਓਸ ਜਿਹਾ ਕੋਈ ਹੋਰ ਨਾ ਹੋਣਾ।
ਬਿਰਹਾ ਲਿਖਣਾ ਬਿਰਹਾ ਗਾਉਣਾ।
ਪਲ ਪਲ ਬਿਰਹਾ ਨਾਮ ਧਿਆਉਣਾ।

ਬੇਸ਼ਕ ਮੈਨੂੰ ਕੋਹ ਕੋਹ ਮਾਰੋ।
ਸਿਵਿਆਂ ਦੇ ਵਿਚ ਜ਼ਿੰਦਾ ਸਾੜੋ।
ਘੋਟ ਘੋਟ ਕੇ ਬਿਰਹਾ ਪੀਵਾਂ,
ਮੈਂ ਕੀ ਜਾਣਾ ਵਸਲ ਹੰਢਾਉਣਾ।
ਬਿਰਹਾ ਲਿਖਣਾ ਬਿਰਹਾ ਗਾਉਣਾ।
ਪਲ ਪਲ ਬਿਰਹਾ ਨਾਮ ਧਿਆਉਣਾ।

ਉਮਰ ਸਾਰੀ ਜਿਸ ਪੀੜ ਹੰਢਾਈ।
ਮੈਂ ਹਾਂ ਸ਼ਿਵ ਦੇ ਸ਼ਹਿਰ ਦੀ ਜਾਈ।
ਜਿਉਂ ਜਿਉਂ ਇਸ਼ਕ ਦੀ ਉਮਰ ਵਧੇਗੀ,
ਪੀੜਾਂ ਮੈਨੂੰ ਹੋਰ ਸਤਾਉਣਾ।
ਬਿਰਹਾ ਲਿਖਣਾ ਬਿਰਹਾ ਗਾਉਣਾ।
ਪਲ ਪਲ ਬਿਰਹਾ ਨਾਮ ਧਿਆਉਣਾ।

ਬਿਰਹਾ ਨਾਂ ਦਾ ਤਾਜ ਬਣਾਵਾਂ।
ਬੇਸ਼ਕ ਅਪਣੇ ਹੱਥ ਕਟਾਵਾਂ।
ਸੱਜਣਾਂ ਦੇ ਸੁਫਨੇ ਵਿਚ ਆਵਾਂ।
ਜੋ ਨਾ ਜਾਣੇ ਤੋੜ ਨਿਭਾਉਣਾ।
ਬਿਰਹਾ ਲਿਖਣਾ ਬਿਰਹਾ ਗਾਉਣਾ।
ਪਲ ਪਲ ਬਿਰਹਾ ਨਾਮ ਧਿਆਉਣਾ।

•



## ਅੱਖੀਆਂ ਬੇਵੱਸ ਹੋਈਆਂ

ਅੱਜ ਫੇਰ ਅੱਖੀਆਂ ਬੇਵੱਸ ਹੋਈਆਂ।
ਵਿਛੜ ਗਿਆ ਨੂੰ ਰੱਜ ਰੱਜ ਰੋਈਆਂ।
ਵਿਛੜ ਗਿਆ ਨੇ ਫਿਰ ਨਹੀਂ ਆਉਣਾ,
ਭਾਂਵੇ ਕਰ ਸੌ ਸੌ ਅਰਜ਼ੋਈਆਂ।

ਅੱਜ ਫਿਰ ਦਿਲ ਦੇ ਟੋਟੇ ਟੋਟੇ ਹੋ ਗਏ।
ਸਾਹ ਇੰਜ ਜਾਪਣ ਜਿਵੇਂ ਖਲੋ ਗਏ।
ਸਾਹ ਦੀ ਗਾਨੀ ਕਿਰ ਗਏ ਮਣਕੇ,
ਜਦੋਂ ਤੇਰੀਆਂ ਗੱਲਾਂ ਛੋਹੀਆਂ।

ਅੱਜ ਫਿਰ ਦੁੱਖੜੇ ਹੋ ਗਏ ਦੂਣੇ।
ਅਜੇ ਨੇ ਦਿਲ ਦੇ ਜ਼ਖ਼ਮ ਅਲੂਣੇ।
ਜ਼ਖ਼ਮ ਅਲੂਣੇ ਦੁਖਦੇ ਰਹਿੰਦੇ,
ਮਰ ਕੇ ਆਪਾਂ ਪੀੜਾਂ ਢੋਈਆਂ।

ਅੱਜ ਫਿਰ ਕੱਲ੍ਹ ਦੇ ਵਾਂਗੂ ਹੋਈ।
ਉਗ ਪਈ ਪੀੜ ਜੋ ਪਰਸੋਂ ਬੋਈ।
ਉਸ ਤੋਂ ਪਹਿਲਾਂ 'ਗ਼ਜ਼ਲ' ਦੀਆਂ ਹੀ,
ਕਿੰਨੀਆਂ ਖੁਸ਼ੀਆਂ ਜੰਮ ਕੇ ਮੋਈਆਂ।

•

## ਬਿਰਹਾ ਦੀ ਅੱਗ ਬਲਦੀ

ਰੋਜ਼ ਰਾਤੀਂ ਬਿਰਹਾ ਦੀ ਅੱਗ ਬਲਦੀ।
ਅੱਥਰੀ ਜਵਾਨੀ ਸੇਕ ਨਹੀਓਂ ਝੱਲਦੀ।

ਸੌਣ ਨਹੀਂਓ ਦੇਂਦੀਆਂ ਇਹ ਤੇਰੀਆਂ ਜੁਦਾਈਆਂ ਵੇ।
ਮੇਰੇ ਨਾਲ ਰੋਂਦੀਆਂ ਨੇ ਮੰਜੀ ਦੀਆਂ ਬਾਹੀਆਂ ਵੇ।
ਪੈ ਗਏ ਝਮੇਲੇ ਦੱਸ ਮੈਂ ਕੀ ਕਰਾਂ,
ਯਾਦ ਤੇਰੀ ਰਾਤੀਂ ਆਣ ਕੇ ਸਰਹਾਣਾ ਮੱਲਦੀ।
ਰੋਜ਼ ਰਾਤੀਂ ਬਿਰਹਾ ਦੀ ਅੱਗ ਬਲਦੀ।
ਅੱਥਰੀ ਜਵਾਨੀ ਸੇਕ ਨਹੀਓਂ ਝੱਲਦੀ।

ਬੁੱਲ੍ਹ ਚਿਥ-ਚਿਥ ਰੋਵਾਂ ਖੌਫ਼ ਮਰਦਾ ਏ ਜੱਗ ਦਾ।
ਡੁੱਬ ਹੀ ਨਾ ਜਾਵਾਂ ਹੰਝੂਆਂ ਤੋਂ ਡਰ ਲੱਗਦਾ।
ਦਿਲ ਕਰੇ ਤੋੜਾਂ ਵੀਣੀ ਦੀਆਂ ਚੂੜੀਆਂ,
ਲੱਗੇ ਨਾ ਆਵਾਜ਼ ਚੰਗੀ ਡੂੰਘੇ ਸੱਲ ਦੀ।
ਰੋਜ਼ ਰਾਤੀਂ ਬਿਰਹਾ ਦੀ ਅੱਗ ਬਲਦੀ।
ਅੱਥਰੀ ਜਵਾਨੀ ਸੇਕ ਨਹੀਓਂ ਝੱਲਦੀ।

ਅੱਜ ਦਿਲ ਕਰੇ ਰੋਣਾ ਉਮਰਾਂ ਦਾ ਰੋ ਲਵਾਂ।
ਅੱਖੀਆਂ ਦੇ ਬੂਹੇ ਫਿਰ ਸਦਾ ਲਈ ਹੀ ਢੋਅ ਲਵਾਂ।
ਤੇਰਿਆ ਵਿਛੋੜਿਆਂ ਨੇ ਲੈ ਲਈ ਮੇਰੀ ਜਾਨ,
ਦੇਵੇਗਾ ਗਵਾਹੀ ਕਿਹੜਾ ਏਸ ਗੱਲ ਦੀ।
ਰੋਜ਼ ਰਾਤੀਂ ਬਿਰਹਾ ਦੀ ਅੱਗ ਬਲਦੀ।
ਅੱਥਰੀ ਜਵਾਨੀ ਸੇਕ ਨਹੀਓਂ ਝੱਲਦੀ।



ਇਸ਼ਕ ਅਤੇ ਮੁਸ਼ਕ ਕਦੇ ਛੁਪੇ ਨਹੀਂ ਰਹਿੰਦੇ ਵੇ।
ਸੱਸੀ ਦੀ ਏ ਭੈਣ ਮੈਨੂੰ ਲੋਕ ਸਾਰੇ ਕਹਿੰਦੇ ਵੇ।
ਇਸ਼ਕ ਪਗਾਉਂਦਾ ਸਦ ਅਪਣੀ ਹੀ ਬਾਤ,
ਕਰਦਾ ਨਾ ਗੱਲ ਤੇਰੇ ਮੇਰੇ ਵੱਲ ਦੀ।
ਰੋਜ਼ ਰਾਤੀਂ ਬਿਰਹਾ ਦੀ ਅੱਗ ਬਲਦੀ।
ਅੱਥਰੀ ਜਵਾਨੀ ਸੇਕ ਨਹੀਓਂ ਝੱਲਦੀ।

ਰੋਜ਼ ਰਾਤੀਂ ਬਿਰਹਾ ਦੀ ਅੱਗ ਬਲਦੀ।
ਅੱਥਰੀ ਜਵਾਨੀ ਸੇਕ ਨਹੀਓਂ ਝੱਲਦੀ।

•

## ਨਾ ਡੋਹਲ ਗਲੇਡੂ ਬਾਬਲਾ

ਨਾ ਡੋਹਲ ਗਲੇਡੂ ਤੂੰ ਬਾਬਲਾ, ਮੇਰੀ ਰੂਹ ਨੂੰ ਚੈਨ ਨਾ ਆਉਣਾ ਵੇ।
ਮੈਨੂੰ ਸੂਲੀ ਚਾੜ੍ਹ ਦਹੇਜ ਵਾਲੀ, ਹੁਣ ਵੈਰੀਆ ਜਸ਼ਨ ਮਨਾਉਣਾ ਵੇ।

ਮੇਰੇ ਭਾਗ ਸੀ ਸੜੀ ਸੁਆਹ ਵਰਗੇ, ਕੀ ਦੋਸ਼ ਸੀ ਤੇਰੀ ਗਰੀਬੀ ਦਾ।
ਅਸੀਂ ਕਿਸ ਤੇ ਸ਼ਿਕਵਾ ਕਰੀਏ ਹੁਣ, ਇਹ ਕੰਮ ਹੈ ਬਦਨਸੀਬੀ ਦਾ।
ਅੱਗ ਸਦਾ ਹੀ ਮੱਚਦੀ ਰਹਿਣੀ ਏਂ, ਮੇਰੇ ਸਿਵੇ ਨੇ ਸੀਤ ਨਾ ਹੋਣਾ ਵੇ।
ਨਾ ਡੋਹਲ ਗਲੇਡੂ ਤੂੰ ਬਾਬਲਾ, ਮੇਰੀ ਰੂਹ ਨੂੰ ਚੈਨ ਨਾ ਆਉਣਾ ਵੇ।
ਮੈਨੂੰ ਸੂਲੀ ਚਾੜ੍ਹ ਦਹੇਜ ਵਾਲੀ, ਹੁਣ ਵੈਰੀਆ ਜਸ਼ਨ ਮਨਾਉਣਾ ਵੇ।

ਰੱਬ ਨੇ ਵੀ ਸਖ਼ਤ ਚੱਟਾਨ ਜਹੇ ਦਿਲ ਵਿਚ ਦਰਿੰਦਿਆਂ ਪਾ ਛੱਡੇ।
ਬੜੀ ਬੇਰਹਿਮੀ ਸੰਗ ਸਾਹ ਟੁੱਟਣਾ, ਅਸੀਂ ਐਸੇ ਲੇਖ ਲਿਖਾ ਛੱਡੇ।
ਇਨ੍ਹਾਂ ਜ਼ੁਲਮ ਤੇ ਸਿਤਮ ਕਰੇਂਦਿਆਂ ਨੇ, ਖੌਰੇ ਕਿੰਨੀਆਂ ਨੂੰ ਬਲੀ ਚੜ੍ਹਾਉਣਾ ਵੇ।
ਨਾ ਡੋਹਲ ਗਲੇਡੂ ਤੂੰ ਬਾਬਲਾ, ਮੇਰੀ ਰੂਹ ਨੂੰ ਚੈਨ ਨਾ ਆਉਣਾ ਵੇ।
ਮੈਨੂੰ ਸੂਲੀ ਚਾੜ੍ਹ ਦਹੇਜ ਵਾਲੀ, ਹੁਣ ਵੈਰੀਆ ਜਸ਼ਨ ਮਨਾਉਣਾ ਵੇ।

ਕਿਵੇਂ ਭੁੱਲ ਜਾਂਵਾਂ ਕਿ ਤੂੰ ਸਾਨੂੰ ਨਹੀਂ ਘੱਟ ਜਾਚਿਆ ਪੁੱਤਰਾਂ ਤੋਂ।
ਅੰਮੀ ਦੀ ਠੰਡੜੀ ਛਾਂ ਮਾਣੀ ਜੋ ਸੰਘਣੀ ਬੋਹੜ ਦੇ ਪੱਤਰਾਂ ਤੋਂ।
ਕੀ ਭਾਰ ਬਾਬਲਾ ਧੀਆਂ ਦਾ ਬਸ ਏਹੋ ਹੀ ਦੁੱਖ ਤੇ ਰੋਣਾ ਵੇ।
ਨਾ ਡੋਹਲ ਗਲੇਡੂ ਤੂੰ ਬਾਬਲਾ, ਮੇਰੀ ਰੂਹ ਨੂੰ ਚੈਨ ਨਾ ਆਉਣਾ ਵੇ।
ਮੈਨੂੰ ਸੂਲੀ ਚਾੜ੍ਹ ਦਹੇਜ ਵਾਲੀ, ਹੁਣ ਵੈਰੀਆ ਜਸ਼ਨ ਮਨਾਉਣਾ ਵੇ।

ਮੇਰੇ ਵਰਗੀਆਂ ਲੱਖਾਂ ਝੁਲਸ ਗਈਆਂ, ਤੇਰੇ ਜਹੇ ਲੱਖਾਂ ਰੋਏ ਵੀ।
ਹੋਏ ਤਾਂ ਬੜੇ ਵਿਦਵਾਨ ਇੱਥੇ ਕੀ ਏਸ ਦਾਗ਼ ਨੂੰ ਧੋਏ ਵੀ?
ਧੀ ਜੰਮੀ ਬੇ ਬਸ ਮਾਪਿਆਂ ਦੀ, ਉਹਨੂੰ ਜਾਨੋਂ ਮਾਰ ਮੁਕਾਉਣਾ ਵੇ।
ਨਾ ਡੋਹਲ ਗਲੇਡੂ ਤੂੰ ਬਾਬਲਾ, ਮੇਰੀ ਰੂਹ ਨੂੰ ਚੈਨ ਨਾ ਆਉਣਾ ਵੇ।
ਮੈਨੂੰ ਸੂਲੀ ਚਾੜ੍ਹ ਦਹੇਜ ਵਾਲੀ, ਹੁਣ ਵੈਰੀਆ ਜਸ਼ਨ ਮਨਾਉਣਾ ਵੇ।



ਪੁੱਛੋਂ ਉਸ ਦੇ ਦਿਲ ਤੋਂ ਐ ਲੋਕੋ, ਜਿਸ ਦਾਨ ਜਿਗਰ ਦਾ ਕੀਤਾ ਏ।
ਤੱਕ ਅਪਣੀ ਉਜੜ ਗਈ ਦੁਨੀਆਂ ਜਿਸ ਘੁੱਟ ਸਬਰ ਦਾ ਪੀਤਾ ਏ।
ਮਾਸੂਮ 'ਗ਼ਜ਼ਲ' ਦੇ ਕਾਤਿਲਾਂ ਨੂੰ ਹੁਣ ਪੈਣਾ ਕਰਜ਼ ਚੁਕਾਉਣਾ ਵੇ।
ਨਾ ਡੋਹਲ ਗਲੇਡੂ ਤੂੰ ਬਾਬਲਾ, ਮੇਰੀ ਰੂਹ ਨੂੰ ਚੈਨ ਨਾ ਆਉਣਾ ਵੇ।
ਮੈਨੂੰ ਸੂਲੀ ਚਾੜ੍ਹ ਦਹੇਜ ਵਾਲੀ, ਹੁਣ ਵੈਰੀਆ ਜਸ਼ਨ ਮਨਾਉਣਾ ਵੇ।
•

## ਲੋਕੀਂ ਨੱਚ ਨੱਚ

ਲੋਕੀਂ ਨੱਚ ਨੱਚ ਪਏ ਨੇ ਮਨਾਉਂਦੇ ਚੰਨਾ ਸਾਉਣ,
ਅੱਖਾਂ ਸਾਡੀਆਂ ਨੇ ਹੰਝੂਆਂ ਦੀ ਲਾਈ ਝੜੀ ਏ।
ਸਾਡੀ ਲੁੱਟੀ ਗਈ ਤਮੰਨਾ ਵੀ ਉਦਾਸ ਬੜੀ ਏ।

ਦੱਸ ਅਸੀਂ ਕਿਹੜੀ ਰੁੱਤ ਦਾ ਵੇ ਜਸ਼ਨ ਮਨਾਈਏ।
ਤੂੰ ਤਾਂ ਦੂਰ ਵੱਸਦਾ ਏਂ ਦੁੱਖ ਕਿਸ ਨੂੰ ਸੁਣਾਈਏ।
ਇੰਜ ਲੱਗਦਾ ਬਹਾਰ ਸਾਡੇ ਨਾਲ ਲੜੀ ਏ।
ਸਾਡੀ ਲੁੱਟੀ ਗਈ ਤਮੰਨਾ ਵੀ ਉਦਾਸ ਬੜੀ ਏ।

ਸਾਡੇ ਵਿਹੜੇ ਵਿਚ ਬੂਟੇ ਸੀ ਜੋ ਫੁੱਲਾਂ ਦੇ ਪਰੁੱਚੇ।
ਗਏ ਝੜ ਤੇਰੇ ਪਿਛੋਂ ਸਾਨੂੰ ਦੇ ਗਏ ਵਗੁੱਚੇ।
ਸਾਡੇ ਬੁੱਲ੍ਹਾਂ ਵਾਲੀ ਰੌਣਕ ਵੀ ਨਾਲ ਖੜੀ ਏ।
ਸਾਡੀ ਲੁੱਟੀ ਗਈ ਤਮੰਨਾ ਵੀ ਉਦਾਸ ਬੜੀ ਏ।

ਦਿਲ ਦੁੱਖ ਦੱਸ ਤਾਰਿਆਂ ਨੂੰ ਕੱਢਦਾ ਭੜਾਸ।
ਹੁਣ ਚੰਦਰਿਆਂ ਬੱਦਲਾਂ ਨੇ ਮੱਲਿਆ ਆਕਾਸ਼।
ਨਾਲੇ ਕਜਲੇ ਜਹੀ ਕਾਲੀ ਜਹੀ ਘਟਾ ਚੜ੍ਹੀ ਏ।
ਸਾਡੀ ਲੁੱਟੀ ਗਈ ਤਮੰਨਾ ਵੀ ਉਦਾਸ ਬੜੀ ਏ।

ਸਾਨੂੰ ਝਾਂਜਰ ਇਹ ਗਿੱਧੇ ਵਿਚ ਨੱਚਣੇ ਲਈ ਆਖੇ।
ਰੰਗ ਚੂੜੀਆਂ ਦਾ ਅੱਗ ਵਾਂਗੂ ਮਚਣੇ ਲਈ ਆਖੇ।
ਸਾਡੀ ਅੱਲੜ ਜਵਾਨੀ ਨੇ ਵੀ ਜ਼ਿਦ ਫੜੀ ਏ।
ਸਾਡੀ ਲੁੱਟੀ ਗਈ ਤਮੰਨਾ ਵੀ ਉਦਾਸ ਬੜੀ ਏ।

ਸਾਨੂੰ ਦੱਸ ਜਾਂਦੇ ਸੱਜਣ ਜੀ ਤੁਸਾਂ ਕਦੋਂ ਆਉਣਾ।
ਅਸਾਂ ਲੱਡੂ ਵੰਡ ਸ਼ਗਨਾਂ ਦਾ ਜਸ਼ਨ ਮਨਾਉਣਾ।
'ਗ਼ਜ਼ਲ' ਆਪ ਨੂੰ ਉਡੀਕੇ ਬੂਹੇ ਵਿਚ ਖੜੀ ਏ।
ਸਾਡੀ ਲੁੱਟੀ ਗਈ ਤਮੰਨਾ ਵੀ ਉਦਾਸ ਬੜੀ ਏ।

ਲੋਕੀਂ ਨੱਚ ਨੱਚ ਪਏ ਨੇ ਮਨਾਉਂਦੇ ਚੰਨਾ ਸਾਉਣ,
ਅੱਖਾਂ ਸਾਡੀਆਂ ਨੇ ਹੰਝੂਆਂ ਦੀ ਲਾਈ ਝੜੀ ਏ।
ਸਾਡੀ ਲੁੱਟੀ ਗਈ ਤਮੰਨਾ ਵੀ ਉਦਾਸ ਬੜੀ ਏ।

•



## ਜਾਂਦੇ ਪਰਦੇਸੀ ਨੂੰ

ਤੂੰ ਗੁਲਾਬ ਦਾ ਜਾਂ ਬਨਸਫੇ ਦਾ ਫੁੱਲ ਬਣ ਜਾ,
ਤੇਰੀ ਖ਼ੁਸ਼ਬੂ ਤਾਂ ਵਗਦੀਆਂ ਹਵਾਵਾਂ ਵਿਚ ਹੈ।

ਤੂੰ ਜ਼ੁਬਾਨ ਨਾਲ ਬੋਲ ਜਾਂ ਇਸ਼ਾਰੇ ਨਾਲ ਬੋਲ,
ਤੇਰੇ ਲਫ਼ਜ਼ਾਂ ਦੀ ਗੂੰਜ ਤੇਰੇ ਰਾਹਵਾਂ ਵਿਚ ਹੈ।

ਹੋਰ ਮੰਗਾਂ ਜਾਂ ਨਾ ਮੰਗਾਂ ਮੈਂ ਖ਼ੁਦਾ ਕੋਲੋਂ ਕੁਝ,
ਤੇਰੀ ਖ਼ੈਰ ਸੁੱਖ ਮੇਰੀਆਂ ਦੁਆਵਾਂ ਵਿਚ ਹੈ।

ਮੇਰੇ ਜਖ਼ਮਾਂ ਦੀ ਹੋਈ ਨਾ ਪਹਿਚਾਣ ਤੇਰੇ ਕੋਲੋਂ,
ਮੇਰੇ ਜ਼ਖ਼ਮ ਦੀ ਪਹਿਚਾਣ ਮੇਰੇ ਸਾਹਾਂ ਵਿਚ ਹੈ।

ਜੇ ਤੂੰ ਵੇਖਿਆ ਇਹ ਸ਼ੀਸ਼ਾ ਨਜ਼ਰ ਲਗ ਜਾਣੀ ਤੈਨੂੰ,
ਤੇਰੀ ਤਸਵੀਰ ਮੇਰੀਆਂ ਨਿਗਾਹਾਂ ਵਿਚ ਹੈ।

ਭਾਵੇਂ ਵੈਰੀਆਂ ਤੂੰ ਦੇਸ਼ ਦੀਆਂ ਜੂਹਾਂ ਛੱਡ ਜਾ,
ਜੀਣਾ ਮਰਨਾ 'ਗ਼ਜ਼ਲ' ਨੇ ਤੇਰੀਆਂ ਬਾਹਾਂ ਵਿਚ ਹੈ।

•

## ਕੀ ਫਾਇਦਾ

ਜੇਕਰ ਪਿੰਜਰੇ ਚੋਂ ਪੰਛੀ ਆਜ਼ਾਦ ਕਰਨਾ,
ਪਾ ਤਲਾਵਾਂ ਉਡਾਉਣ ਦਾ ਕੀ ਫਾਇਦਾ।

ਜੇਕਰ ਦਿਲ ਨਹੀਂ ਦਿਲ ਦੇ ਨਾਲ ਰਾਜ਼ੀ,
ਤਾਂ ਗਲਵੱਕੜੀ ਪਾਉਣ ਦਾ ਕੀ ਫਾਇਦਾ।

ਜੇਕਰ ਇਹ ਨਿਭਾਉਣੀ ਹੈ ਚਾਰ ਦਿਨ ਹੀ,
ਤਾਂ ਮੁਹੱਬਤ ਪਾਉਣ ਦਾ ਕੀ ਫਾਇਦਾ।

ਕਦੇ ਝੂਠ ਨੇ ਸੱਚ ਨਹੀਂ ਬਣ ਜਾਣਾ,
ਐਵੇਂ ਪਰਦੇ ਜਿਹੇ ਪਾਉਣ ਦਾ ਕੀ ਫਾਇਦਾ।

ਉੱਤੇ ਕੰਡਿਆਂ ਭਰੀ ਸੀ ਜੇ ਦੇਣੀ ਚਾਦਰ,
ਫੁੱਲ ਬਿਸਤਰ ਤੇ ਪਾਉਣ ਦਾ ਕੀ ਫਾਇਦਾ।
•



## ਧੀਆਂ ਦੀ ਮਾਂ ਰਾਣੀ ਹੁੰਦੀ

ਧੀਆਂ ਦੀ ਮਾਂ ਰਾਣੀ ਹੁੰਦੀ।
ਰਾਣੀ ਤੋਂ ਪਟਰਾਣੀ ਹੁੰਦੀ।

ਵੇਖ ਨੀਂ ਮਾਏ ਅਫਸਰ ਧੀਆਂ।
ਰੋਅਬ ਵੀ ਹੈ ਵਿਚ ਦਫਤਰ ਧੀਆਂ।
ਚੁੱਪ ਚੁੱਪ ਰਹਿਣਾ, ਡਰ ਡਰ ਬਹਿਣਾ,
ਜਾਂਦੀ ਗੱਲ ਪੁਰਾਣੀ ਹੁੰਦੀ।
ਧੀਆਂ ਦੀ ਮਾਂ ਰਾਣੀ ਹੁੰਦੀ।
ਰਾਣੀ ਤੋਂ ਪਟਰਾਣੀ ਹੁੰਦੀ।

ਵੇਖ ਨੀਂ ਬਾਬਲ ਮੁੜ ਮੁੜ ਆਖੇ।
ਧੀ ਪੁੱਤਰਾਂ ਤੋਂ ਘੱਟ ਨਾ ਜਾਪੇ।
ਸੁਖੀ ਰਹੇ ਤਾਂ ਹਾਸਾ ਬਣਦੀ,
ਦੁਖੇ ਤਾਂ ਅੱਖ ਦਾ ਪਾਣੀ ਹੁੰਦੀ।
ਧੀਆਂ ਦੀ
ਮਾਂ ਰਾਣੀ ਹੁੰਦੀ।
ਰਾਣੀ ਤੋਂ ਪਟਰਾਣੀ ਹੁੰਦੀ।

ਧੀ ਲੋਕੋ ਜਦ ਮਾਂ ਹੈ ਬਣਦੀ।
ਠੰਡੜੀ ਮਿਠੜੀ ਛਾਂ ਹੈ ਬਣਦੀ।
ਪਿਆਰ ਵਹੂਣਾ ਮੁਰਝਾ ਜਾਵੇ।
ਜਿਸ ਨੇ ਛਾਂ ਨਹੀਂ ਮਾਣੀ ਹੁੰਦੀ।
ਧੀਆਂ ਦੀ ਮਾਂ ਰਾਣੀ ਹੁੰਦੀ।
ਰਾਣੀ ਤੋਂ ਪਟਰਾਣੀ ਹੁੰਦੀ।
ਧੀਆਂ ਵਰਗਾ ਸਾਕ ਨਾ ਕੋਈ।
ਮਾਰਨ ਵਰਗਾ ਪਾਪ ਨਾ ਕੋਈ।

ਧੀ ਹੀ ਬਣਦੀ 'ਗ਼ਜ਼ਲ' ਕਲਪਨਾ,
ਤੇ ਝਾਂਸੀ ਦੀ ਰਾਣੀ ਹੁੰਦੀ।
ਧੀਆਂ ਦੀ ਮਾਂ ਰਾਣੀ ਹੁੰਦੀ।
ਰਾਣੀ ਤੋਂ ਪਟਰਾਣੀ ਹੁੰਦੀ।
•



## ਚਿਹਰਾ ਤੇਰਾ ਗੁਲਾਬ ਜਿਹਾ

ਹੰਝੂ ਜੰਮ ਗਏ ਜਦ ਮੈਂ ਤਕਿਆ, ਚਿਹਰਾ ਤੇਰਾ ਗੁਲਾਬ ਜਿਹਾ।
ਬੁੱਲ੍ਹਾਂ ਤੇ ਮੁਸਕਾਨ ਆ ਗਈ, ਚਾਨਣ ਵੇਖ ਮਹਿਤਾਬ ਤੇਰਾ।

ਮੈਨੂੰ ਅਪਣੇ ਨੈਣਾਂ ਉੱਤੇ ਹੋਇਆ ਨਹੀਂ ਵਿਸ਼ਵਾਸ ਕਦੇ,
ਅਸਲ ਹਕੀਕੀ ਰੰਗ ਸੀ ਜਿਹੜਾ ਲਗਦਾ ਰਿਹਾ ਸੀ ਖ਼ੁਆਬ ਜਿਹਾ।

ਸੁੰਨ ਮਸੁੰਨੀ ਦੁਨੀਆਂ ਦੇ ਵਿਚ, ਗੁੰਗੇ ਜਹੇ ਮਹੌਲ ਦੇ ਵਿਚ,
ਪਿਆਸੇ ਤਾਈਂ ਜੋ ਵੀ ਮਿਲਿਆ ਉਬਲਦੇ ਹੋਏ ਆਬ ਜਿਹਾ।

ਅਚਨਚੇਤ ਹੀ ਮਿਲੀਆਂ ਅੱਖੀਆਂ ਬੁੱਲ੍ਹ ਵੀ ਫਰਕਣ ਲੱਗ ਪਏ,
ਲੱਗਿਆ ਅਰਸ਼ ਦੇ ਚੰਨ ਦੇ ਮੂੰਹ ਤੋਂ ਹਟ ਗਿਆ ਹੈ ਨਕਾਬ ਜਿਹਾ।

ਉਸ ਦੇ ਹੋਠਾਂ ਉੱਤੇ ਆ ਕੇ ਉਸ ਨੂੰ ਮਸਤ ਬਣਾ ਦੇਂਦਾ,
ਨਾਮ 'ਗ਼ਜ਼ਲ' ਦਾ ਉਹਦੇ ਲਈ ਹੈ ਪਹਿਲੇ ਤੋੜ ਸ਼ਰਾਬ ਜਿਹਾ।
•

## ਨੀਲੀਆਂ ਪੱਗਾਂ ਵਾਲੇ

ਬਾਹਰੋਂ ਚਿੱਟੇ ਅੰਦਰੋਂ ਕਾਲੇ, ਨੀਲੀਆਂ ਪੱਗਾਂ ਚਿੱਟੇ ਬਾਣੇ।
ਕਰਦੇ ਫਿਰਦੇ ਘਾਲੇ ਮਾਲੇ, ਨੀਲੀਆਂ ਪੱਗਾਂ ਚਿੱਟੇ ਬਾਣੇ।

ਘਰ ਦੀ ਹੀ ਸਰਕਾਰ ਬਣੀ ਹੈ ਹਾਲੇ ਤਕ ਵੀ ਭੁੱਖ ਨਾ ਨਿਕਲੀ,
ਚਾਚੇ ਤਾਏ ਜੀਜੇ ਸਾਲੇ, ਨੀਲੀਆਂ ਪੱਗਾਂ ਚਿੱਟੇ ਬਾਣੇ।

'ਫੀਮਾਂ ਭੁੱਕੀ ਸੀਮਿੰਟ ਬੱਜਰੀ, ਜੋ ਕੁਝ ਮਿਲਦਾ ਖਾਈ ਜਾਂਦੇ,
ਸੂਰਾਂ ਵਰਗੇ ਢਿੱਡ ਨੇ ਪਾਲੇ, ਨੀਲੀਆਂ ਪੱਗਾਂ ਚਿੱਟੇ ਬਾਣੇ।

ਅੰਮ੍ਰਿਤ ਛਕ ਕਿਰਪਾਨਾਂ ਪਾਉਂਦੇ, ਗੋਬਿੰਦ ਸਿੰਘ ਦੇ ਸਿੰਘ ਕਹਾਉਂਦੇ,
ਪਰ ਦਾਰੂ ਤਾਂ ਚਲਦੀ ਹਾਲੇ, ਨੀਲੀਆਂ ਪੱਗਾਂ ਚਿੱਟੇ ਬਾਣੇ।

ਖੂਨ ਗਰੀਬਾਂ ਦਾ ਪੀਂਦੇ ਨੇ ਇਹ ਜ਼ਾਲਮ ਬਘਿਆੜਾਂ ਵਰਗੇ,
ਲੋਕ ਰਾਖੇ ਅਖਵਾਵਣ ਵਾਲੇ, ਨੀਲੀਆਂ ਪੱਗਾਂ ਚਿੱਟੇ ਬਾਣੇ।

ਲੋਕਾਂ ਦੀ ਤਕਲੀਫ਼ ਨਾ ਸੁਣਦੇ, ਜ਼ੁਲਮਾਂ ਦੀ ਅਣਦੇਖੀ ਕਰਦੇ,
ਅੰਨ੍ਹੇ ਬੋਲੇ ਕੁਰਸੀਆਂ ਵਾਲੇ, ਨੀਲੀਆਂ ਪੱਗਾਂ ਚਿੱਟੇ ਬਾਣੇ।

ਚਿੱਟੇ ਰੰਗ ਨੂੰ ਮੈਲਾ ਕਰਦੇ, ਨੀਲੀ ਪੱਗ ਨੂੰ ਦਾਗ਼ ਨੇ ਲਾਉਂਦੇ,
ਸੁਹਣੀ ਵਰਦੀ ਪੁੱਠੇ ਚਾਲੇ, ਨੀਲੀਆਂ ਪੱਗਾਂ ਚਿੱਟੇ ਬਾਣੇ।

ਹਰਲ ਹਰਲ ਨੇ ਕਰਦੇ ਫਿਰਦੇ, ਰਲ ਮਿਲ ਕੇ ਸਭ ਗਿੱਦੜ ਲੂੰਬੜ,
ਵਸਤਰ ਪਾ ਕੇ ਸ਼ੇਰਾਂ ਵਾਲੇ, ਨੀਲੀਆਂ ਪੱਗਾਂ ਚਿੱਟੇ ਬਾਣੇ।
•



## ਖੁੱਲ੍ਹਾ ਖ਼ਤ

ਉਹਨੂੰ ਕਹੋ ਛੇਤੀ ਆਵੇ ਬਹੁਤੀ ਦੇਰ ਹੋ ਨਾ ਜਾਏ।
ਮੇਰੇ ਖ਼ਾਅਬਾਂ ਦੇ ਸਹਿਜ਼ਾਦੇ ਹੇਰ ਫੇਰ ਹੋ ਨਾ ਜਾਏ।

ਹਾਲੇ ਦੇਖਿਆ ਨਾ ਉਹ ਨੂੰ ਉਹਦੇ ਨਾਂਵੇਂ ਦਾ ਪਤਾ ਨਾ।
ਦੱਸੋ ਕਿੱਥੇ ਚਿੱਠੀ ਪਾਵਾਂ ਸਿਰਨਾਵੇਂ ਦਾ ਪਤਾ ਨਾ।

ਗੀਤ ਨਜ਼ਮਾਂ ਗ਼ਜ਼ਲ ਲਿਖ ਲਿਖ ਕੇ ਛਪਾਣਾ।
ਓਹ ਨੂੰ ਪਾਉਣ ਦੇ ਲਈ ਹੀ ਮੈਂ ਲੱਭਿਆ ਬਹਾਨਾ।

ਵੱਡੇ ਰੱਬ ਤੋਂ ਕੀ ਲੈਣਾ ਏਸ ਜੱਗ ਦਾ ਕੀ ਕਰਾਂ।
ਏਸ ਨਿੱਕੇ ਰੱਬ ਲਈ ਹੀ ਜੀਵਾਂ ਏਸੇ ਲਈ ਹੀ ਮਰਾਂ।

ਰੱਖਾਂ ਓਸ ਦੀ ਹੀ ਆਸ ਛੇਤੀ ਹੋਵੇ ਮੇਰੇ ਪਾਸ।
ਬਸ ਉਹਦੀ ਹੀ ਤਲਾਸ਼ ਬਸ ਓਸੇ ਦੀ ਪਿਆਸ।

ਹੁਣ ਛੇਤੀ ਛੇਤੀ ਆਵੇ ਗ਼ਮਾਂ ਕੀਤੀ ਹੈ ਕਮਾਲ।
ਸੱਚੇ ਪਿਆਰ ਦੀ ਜ਼ਮਾਨੇ ਵਿਚ ਬਣੀਏ ਮਿਸਾਲ।

ਢਲ ਜਾਏਗੀ ਜਵਾਨੀ ਜਿੰਦ ਜਾਂਦੀ ਏ ਪੁਕਾਰੀ।
ਹੋਰ ਕਿੰਨਾ ਚਿਰ ਮਾਪਿਆਂ ਨੇ ਰੱਖਣੀ ਕੁਆਰੀ।

ਭਾਗਾਂ ਨਾਲ ਹੀ ਮਿਲਦਾ ਹੈ ਸੁਖ ਦਾ ਸਹਾਰਾ।
ਓਹਨੇ ਵੇਖਿਆ ਈ ਹੋਣਾ ਸਾਡੀ ਅੱਖ, ਹੰਝੂ ਖਾਰਾ।

ਆਣ ਮਿਲੇ ਕਿਤੇ ਉਹ ਤਾਂ ਸਾਰੇ ਦੁੱਖੜੇ ਸੁਣਾਵਾਂ।
ਕਦੇ ਰੁੱਸ ਜਾਂ ਗੀ ਆਪ ਕਦੇ ਓਸ ਨੂੰ ਮਨਾਵਾਂ।

ਪਿੰਡ ਹੈ ਤਲਵੰਡੀ ਅਤੇ ਪਾਖਰਪੁਰ ਡਾਕ।
ਜਿਲ੍ਹਾ ਜਾਣਿਆਂ ਪਛਾਣਿਆਂ ਅੰਮ੍ਰਿਤਸਰ ਪਾਕ।
•

## ਮੀਂਹ ਵਰਸਾ ਦੇ ਰੱਬਾ

ਮੀਂਹ ਵਰਸਾ ਦੇ ਰੱਬਾ ਸਾਡੇ ਖੇਤ ਤਰਸਦੇ ਪਾਣੀ ਨੂੰ।
ਦੇ ਦੇ ਕੁਝ ਦਿਲਾਸਾ ਰੋਂਦੀ ਹੋਈ ਧਰਤ ਨਿਮਾਣੀ ਨੂੰ।

ਬਿਨ ਪਾਣੀ ਦੇ ਧਰਤੀ ਸੁੱਕੀ।
ਫਸਲ ਹੋਣ ਦੀ ਆਸ ਹੈ ਮੁੱਕੀ।
ਉੱਗਿਆ ਜੇਕਰ ਨਾ ਇਕ ਦਾਣਾ,
ਪੱਲੇ ਪੈਣੀ ਇਕ ਨਾ ਦੁੱਕੀ।
ਮਹਿਕ ਵੰਡਣੀ ਭੁੱਲ ਜਾਣੀ ਏਂ, ਅਪਣੀ ਰਾਤ ਦੀ ਰਾਣੀ ਨੂੰ।
ਦੇ ਦੇ ਕੁਝ ਦਿਲਾਸਾ ਰੋਂਦੀ ਹੋਈ ਧਰਤ ਨਿਮਾਣੀ ਨੂੰ।

ਗਿੱਲੀ ਜੇਕਰ ਧਰਤ ਨਾ ਹੋਵੇ।
ਕਿੰਝ ਘੁਮਿਆਰ ਵੀ ਮਿੱਟੀ ਗੋਵੇ।
ਸੁੱਕੀ ਹੋਈ ਪੈਲੀ ਦੇ ਵਿਚ,
ਕਿਸ ਲਈ ਜੱਟ ਅਪਣਾ ਹਲ ਜੋਵੇ।
ਸੁੱਕੇ ਖਾਲ ਕਿਵੇਂ ਵੇਖਣਗੇ, ਭੱਤਾ ਲੈ ਕੇ ਆਣੀ ਨੂੰ।
ਦੇ ਦੇ ਕੁਝ ਦਿਲਾਸਾ ਰੋਂਦੀ ਹੋਈ ਧਰਤ ਨਿਮਾਣੀ ਨੂੰ।

ਬੁੱਲ ਤਰਸਦੇ ਪਾਣੀ ਤਾਈਂ।
ਚਾਟੀ ਜਿਵੇਂ ਮਧਾਣੀ ਤਾਈਂ।
ਔੜ ਨੇ ਐਸਾ ਭੜਥੂ ਪਾਇਆ,
ਤਰਸੇ ਹਾਨਣ ਹਾਣੀ ਤਾਈਂ।
ਬੂਟਿਆਂ ਉੱਤੇ ਥਾਂ ਨਹੀਂ ਲੱਭਦੀ, ਹੁਣ ਸਿੱਟਿਆਂ ਦੀ ਢਾਣੀ ਨੂੰ
ਦੇ ਦੇ ਕੁਝ ਦਿਲਾਸਾ ਰੋਂਦੀ ਹੋਈ ਧਰਤ ਨਿਮਾਣੀ ਨੂੰ।



ਘੜੇ ਹੋ ਗਏ ਬਿਲਕੁਲ ਖਾਲੀ।
ਬੜੇ ਉਦਾਸ ਨੇ ਬਾਗ ਦੇ ਮਾਲੀ।
ਬੂੰਦ ਬੂੰਦ ਨੂੰ ਤਰਸ ਰਹੀ ਏ,
ਹਰ ਇਕ ਰੁੱਖ ਦੀ ਡਾਲੀ ਡਾਲੀ।
ਰੱਬਾ ਤੂੰ ਸੁਲਝਾ ਸਕਦਾ ਏ 'ਗ਼ਜ਼ਲ' ਦੀ ਉਲਝੀ ਤਾਣੀ ਨੂੰ।
ਦੇ ਦੇ ਕੁਝ ਦਿਲਾਸਾ ਰੋਂਦੀ ਹੋਈ ਧਰਤ ਨਿਮਾਣੀ ਨੂੰ।

ਮੀਂਹ ਵਰਸਾ ਦੇ ਰੱਬਾ ਸਾਡੇ ਖੇਤ ਤਰਸਦੇ ਪਾਣੀ ਨੂੰ।
ਦੇ ਦੇ ਕੁਝ ਦਿਲਾਸਾ ਰੋਂਦੀ ਹੋਈ ਧਰਤ ਨਿਮਾਣੀ ਨੂੰ।

•

## ਕਿਉਂ ਜਾਣ-ਜਾਣ ਕਰਦੈਂ

ਕਿਉਂ ਜਾਣ-ਜਾਣ ਕਰਦੈਂ, ਕਿਉਂ ਜਾਣ-ਜਾਣ ਕਰਦੈਂ,
ਮੇਰੀ ਜਾਨ ਨਿਕਲ ਜਾਂਦੀ ਜਦ ਬੂਹੇ ਜਾ ਖੜਦੈਂ।

ਕਾਹਲੀ ਵੀ ਕਾਹਦੀ ਐ, ਦੋ ਪਲ ਹੀ ਤਾਂ ਬੀਤੇ ਨੇ,
ਜੋ ਫਟ ਲਗਾਏ ਤੂੰ ਹਾਲੇ ਅਣਸੀਤੇ ਨੇ,
ਆਪਾਂ ਰੱਬ ਕਮਾਇਆ ਏ, ਲੋਕਾਂ ਤੋਂ ਕਿਉਂ ਡਰਦੈ।

ਲੱਖਾਂ ਹੀ ਇਬਾਦਤਾਂ ਨੇ ਮੁੱਖ ਤੱਕਣਾ ਤੇਰਾ ਵੇ,
ਬੱਸ ਦੋ ਦਿਨ ਜ਼ਿੰਦੜੀ ਏ, ਕਿਤੇ ਪਾ ਘਰ ਫੇਰਾ ਵੇ,
ਉਡੀਕੇ ਜਿੰਦ ਪਿਆਸੀ ਵੇ, ਕਦ ਮੀਂਹ ਬਣ ਕੇ ਵਰਦੈਂ।

ਸੋਹਣੇ ਸੱਤ-ਸਮੁੰਦਰੋਂ ਪਾਰ ਜਦ ਉਡਾਰੀਆਂ ਲਾਉਂਦੇ ਨੇ,
ਨਾ ਚਿੱਠੀ ਪਾਉਂਦੇ ਨੇ ਤੇ ਨਾ ਆਪ ਆਉਂਦੇ ਨੇ,
ਰੱਜ-ਰੱਜ ਤੜਫਾਵੇਂ ਤੂੰ ਭੋਰਾ ਤਰਸ ਨਹੀਂ ਕਰਦੈਂ।

ਕਿਉਂ ਜਾਣ-ਜਾਣ ਕਰਦੈਂ, ਕਿਉਂ ਜਾਣ-ਜਾਣ ਕਰਦੈਂ,
ਮੇਰੀ ਜਾਨ ਨਿਕਲ ਜਾਂਦੀ ਜਦ ਬੂਹੇ ਜਾ ਖੜਦੈਂ।
•



## ਸਾਡੇ ਸੱਜਣਾ ਦੀ ਕਾਰ

ਸਾਡੇ ਸੱਜਣਾ ਦੀ ਕਾਰ ਦੇ ਕਾਲੇ-ਕਾਲੇ ਸ਼ੀਸ਼ੇ,
ਸਾਨੂੰ ਆਉਂਦੇ-ਜਾਂਦੇ ਸੋਹਣਿਆਂ ਦਾ ਮੁੱਖੜਾ ਨਾ ਦਿੱਸੇ।

ਤੂਫ਼ਾਨ ਵਾਂਗ ਆਉਂਦੇ ਨੇ ਹਨ੍ਹੇਰੀ ਵਾਂਗ ਜਾਂਦੇ ਨੇ,
ਨੇਜ਼ਿਆਂ ਦੇ ਉੱਤੇ ਸਾਡਾ ਦਿਲ ਟੰਗ ਜਾਂਦੇ ਨੇ,
ਸਾਡੇ ਜਿਸਮ ਦੇ ਕਰ ਜਾਂਦੇ ਕਈ-ਕਈ ਹਿੱਸੇ।
ਸਾਡੇ ਸੱਜਣਾ......

ਹੀਰਿਆਂ 'ਚ ਜੜੇ ਹੋਏ ਲੱਦੀ ਜੇਬ੍ਹ ਵਾਲੇ ਉਹ,
ਰੰਗ ਦੇ ਨੇ ਗੋਰੇ ਗੋਰੇ, ਦਿਲ ਦੇ ਨੇ ਕਾਲੇ ਉਹ,
ਕੀ ਕਰਨਾ ਗਰੀਬਾਂ ਦੇ ਤਾਂ ਧੁਰੋਂ ਖਾਲੀ ਖੀਸੇ।
ਸਾਡੇ ਸੱਜਣਾ......

ਜਰਾ ਦੋ ਪਲ ਪਰਦੇ ਨੂੰ ਪਰ੍ਹੇ ਕਰੋ ਜੀ,
ਤੀਰਾਂ ਨਾਲ ਸਾਡੇ ਜ਼ਖ਼ਮਾਂ ਨੂੰ ਹਰੇ ਕਰੋ ਜੀ,
ਅੱਜ ਮਰ ਜਾਣਾ ਅਸਾਂ ਪਰਵਾਨਿਆਂ ਦੀ ਰੀਸੇ।
ਸਾਡੇ ਸੱਜਣਾ......

ਅਸੀਂ ਇਸ਼ਕ 'ਚ ਝੱਲੇ, ਉਹਦਾ ਸੇਕ ਅੱਜ ਸੇਕਣਾ,
ਸਾਰੇ ਜੱਗ ਵਾਲਿਆਂ ਤਮਾਸ਼ਾ ਇਹ ਵੇਖਣਾ,
ਲਿਖ ਦੇਣੇ ਨੇ ਲਿਖਾਰੀਆਂ ਨੇ, ਸਾਡੇ ਪਿਆਰ ਵਾਲੇ ਕਿੱਸੇ।
ਸਾਡੇ ਸੱਜਣਾ......।
•

## ਸਾਹਿਬਾ ਨਿਰਦੋਸ਼ੀ ਮਿਰਜ਼ਿਆ

ਸਾਹਿਬਾ ਨਿਰਦੋਸ਼ੀ ਮਿਰਜ਼ਿਆ, ਵੇਖ ਤੁਰ ਗਈ ਤੇਰੇ ਨਾਲ ਵੇ,
ਜੋ ਹੋਣੀ ਕਿਸੇ ਨਾ ਮੇਟਣੀ, ਇਹ ਤਾਂ ਰੱਬ ਚਲਾਈ ਚਾਲ ਵੇ,

ਮਿਰਜ਼ਿਆ! ਵੱਡ-ਵਡੇਰੇ ਮਰ ਗਏ, ਤੂੰ ਕੀਹਦਾ ਪਾਣੀ ਹਾਰ ਸੀ,
ਨਾ ਤਰਕਸ਼ ਟੰਗਦੀ ਜੰਡ 'ਤੇ ਸਾਹਿਬਾ, ਤੇਰੀ ਫਿਰ ਵੀ ਹੋਣੀ ਹਾਰ ਸੀ,
ਤੂੰ ਕੱਲ੍ਹੇ ਕੀ ਕਰ ਲੈਣਾ ਸੀ, ਫੌਜ਼ਾਂ ਬਣੀਆਂ ਚੰਧੜ-ਸਿਆਲ ਵੇ।

ਸਾਹਿਬਾ ਇਸ਼ਕ ਨਿਭਾਵਣ ਆ ਗਈ, ਗੈਰਾਂ ਦੀ ਡੋਲੀ ਛੱਡ ਕੇ,
ਨਹੀਂ ਤਾਂ ਕੀਹਦੇ ਵੱਸ ਲੈ ਜਾਵਣੀ, ਧੀ ਖੀਵੇ ਦੀ ਕੱਢ ਕੇ,
ਤੂੰ ਵੀ ਛੱਡਿਆ ਦਾਨਾਬਾਦ ਨੂੰ, ਮਰਨਾ ਸੀ ਏਸੇ ਹਾਲ ਵੇ।

ਸਾਰੀ ਦੁਨੀਆਂ ਹੈ ਇਹ ਜਾਣਦੀ, ਤੂੰ ਮਰਿਆ ਵੀਰਾਂ ਤੇ ਯਾਰਾਂ ਬਾਝ ਵੇ,
ਇਹ ਹੋਣੀ ਹੈ ਜਿਸ 'ਤੇ ਆਂਵਦੀ, ਰੱਖਦੀ ਨਾ ਕੋਈ ਲਿਹਾਜ ਵੇ,
ਫਿਰ ਸਾਹਿਬਾ ਮਾੜੀ ਕੀ ਕੀਤੀ, ਜਿੰਦ ਦੇ ਗਈ ਤੇਰੇ ਨਾਲ ਵੇ,

ਸਾਹਿਬਾ ਪਿੱਟਦੀ ਹੋ ਗਈ ਲਾਲ ਵੇ, ਤੇ ਹੋ ਗਈ ਲੀਰੋ-ਲੀਰ,
ਨਾ ਉਹ ਰੰਡੀ ਨਾ ਸੁਹਾਗਣ ਵੇ, ਉਠ ਵੇਖ ਉਹਦੀ ਤਕਦੀਰ,
ਔਖੀ ਵਫ਼ਾ ਕਮਾਉਣੀ ਜਗ 'ਤੇ, ਉਹ ਤਾਂ ਕਰ ਗਈ ਇਸ਼ਕ ਕਮਾਲ ਵੇ।

•



## ਸੱਜਣਾ ਤੇਰੇ ਸ਼ਹਿਰ ਦਾ

ਸੱਜਣਾ ਤੇਰੇ ਸ਼ਹਿਰ ਦਾ ਚਿੱਕੜ ਮਨਜ਼ੂਰ ਏ,
ਅੰਮਾਂ ਦੀਆਂ ਡਾਹਡੀਆਂ ਗਾਲ੍ਹਾਂ, ਛਿੱਤਰ ਮਨਜ਼ੂਰ ਏ।

ਹੋਵੇ ਤੂਫ਼ਾਨੀ ਦਿਨ ਭਾਵੇਂ, ਬੱਦਲਾਂ ਨਾਲ ਰਾਤ ਵੇ,
ਆਪਾਂ ਤਾਂ ਲੈਣਾ ਤੇਰੀ, ਸੂਰਤ ਨੂੰ ਝਾਕ ਵੇ,
ਸਾਨੂੰ ਕੀ ਵਹਿਮ ਵਾਰ ਦਾ, ਸ਼ਨਿੱਚਰ ਮਨਜ਼ੂਰ ਏ।

ਟਿੱਬੇ ਨਾ ਨਜਿੱਠ ਲਾਂ ਗੇ, ਟੋਏ ਵੀ ਟੱਪ ਲਾਂ ਗੇ,
ਹੰਭਣਗੇ ਜੇ ਕਦਮ ਅਸਾਡੇ ਤੇਰੇ ਤੱਕ ਪੱਟ ਲਾਂ ਗੇ,
ਬੁੱਲੀਆਂ ਤੋਂ ਲੱਥ-ਲੱਥ ਜਾਂਦਾ ਛਿੱਕੜ ਮਨਜ਼ੂਰ ਏ।

ਹਰ ਇਕ ਦਾ ਤਾਹਨੇ-ਮਿਹਣੇ, ਸਿਰ ਸੁੱਟ ਕੇ ਸੁਣ ਲਾਂ ਗੇ,
ਸੂਲਾਂ ਵੀ ਰਾਹੇ ਆਵਣ, ਪਲਕਾਂ ਨਾਲ ਚੁਣ ਲਾਂ ਗੇ,
ਲੋਕਾਂ ਦੀਆਂ ਮਸ਼ਕਰੀਆਂ, ਟਿੱਚਰ ਮਨਜ਼ੂਰ ਏ।

ਭੁੱਖ ਨਾਲ ਰਹੇ ਦੁਖਦੀ ਵੱਖੀ, ਬੁੱਲ੍ਹ ਵੀ ਭਾਵੇਂ ਰਹਿਣ ਪਿਆਸੇ,
ਕਰ ਲਏ ਜੋ ਧੁੰਦ ਨੇ, ਕਰਨਾ ਲੱਗਣ ਭਾਵੇਂ ਢੇਰ ਚਮਾਸੇ,
ਸਿਆਲਾਂ ਦਾ ਠੰਡਾ ਠੱਕਾ, ਕੱਕਰ ਮਨਜ਼ੂਰ ਏ।

ਛੱਡੀ ਘਰ ਜਾਮਨੂੰਆਂ ਦੀ ਸੰਘਣੀ ਜਹੀ ਛਾਂ ਵੇ,
ਥੋੜੀ ਜਿਹੀ 'ਗ਼ਜ਼ਲ' ਨੂੰ ਦੇ ਦੇ ਦਿਲ ਦੇ ਵਿੱਚ ਥਾਂ ਵੇ,
ਧੁੱਪਾਂ ਵਿਚ ਬਾਗ ਤੇਰੇ ਦੀ ਕਿੱਕਰ ਮਨਜ਼ੂਰ ਏ।

•

## ਮਰਦ ਪੰਜਾਬੀ ਰਾਂਝੇ

ਪੱਟ-ਪੱਟ ਕੇ ਧਰਤੀ ਅੰਬਰੀਂ ਧੂੜ ਉਡਾਉਂਦੀਆਂ ਨੇ,
ਹੁਸਨ ਦੀਆਂ ਸਰਕਾਰਾਂ ਜਦ ਗਿੱਧੇ ਵਿੱਚ ਆਉਂਦੀਆਂ ਨੇ,
ਝੱਲੇ ਨਹੀਓਂ ਜਾਂਦੇ ਇਹ ਨਖ਼ਰੇ ਮੁਟਿਆਰਾਂ ਦੇ,
ਮਰਦ ਪੰਜਾਬੀ ਰਾਂਝੇ, ਹੀਰਾਂ ਵਰਗੀਆਂ ਨਾਰਾਂ ਨੇ।

ਗੁੜ੍ਹਤੀ ਦੇ ਵਿੱਚ ਲੱਗੀਆਂ ਬੁੱਲੀਂ ਬੂੰਦਾਂ ਪਿਆਰ ਦੀਆਂ,
ਇਹ ਲੋਰੀਆਂ ਲੈ ਕੇ ਚੜ੍ਹਨ ਜਵਾਨੀ ਇਸ਼ਕ ਬਹਾਰ ਦੀਆਂ,
ਯਾਰ 'ਤੇ ਮਰਨਾ ਸਿੱਖਿਆ ਹੈ ਇਥੋਂ ਦਿਆਂ ਯਾਰਾਂ ਨੇ।
ਮਰਦ ਪੰਜਾਬੀ ਰਾਂਝੇ...

ਜੱਟ ਪੰਜਾਬੀ ਜਿਧਰੋਂ ਦੀ ਹੀ ਫੇਰਾ ਪਾ ਜਾਂਦੇ,
ਵੈਰੀਆਂ ਦੇ ਫਿਰ ਧੁਰ ਅੰਦਰ ਤੱਕ ਹੋਸ਼ ਉਡਾ ਜਾਂਦੇ,
ਮਰ ਜਾਂਦੇ ਪਰ ਮੌਤ ਤੱਕ ਨਾ ਮੰਨਦੇ ਹਾਰਾਂ ਨੇ,
ਮਰਦ ਪੰਜਾਬੀ ਰਾਂਝੇ...

ਪਾ-ਪਾ ਬਾਤਾਂ ਇਸ਼ਕ ਦੀਆਂ ਹਰ ਦਿਲ ਨੂੰ ਮੋਹ ਲੈਂਦੇ,
ਪੰਜ-ਆਬਾਂ ਦੀਆਂ ਜਦ ਕਿਧਰੇ ਵੀ ਗੱਲਾਂ ਛੋਹ ਲੈਂਦੇ,
ਬੋਲ ਇਹਨਾਂ ਦੇ ਲੱਗਦੇ ਕੱਚੇ ਦੁੱਧ ਦੀਆਂ ਧਾਰਾਂ ਨੇ,
ਮਰਦ ਪੰਜਾਬੀ ਰਾਂਝੇ...

ਕੁੜੀਆਂ ਹੁਸਨ ਪਟਾਰੀਆਂ ਲੱਗਣ ਮੁਖੜੇ ਗੀਤਾਂ ਦੇ,
ਰੱਜ ਕੇ ਸੋਹਣੇ ਗੱਭਰੂ ਪਹਿਰੇਦਾਰ ਪ੍ਰੀਤਾਂ ਦੇ,
ਨਹੀਂ ਰੀਸ ਪੰਜਾਬੀਆਂ ਵਾਲੀ ਕੌਮਾਂ ਲੱਖ ਹਜ਼ਾਰਾਂ ਨੇ,
ਮਰਦ ਪੰਜਾਬੀ ਰਾਂਝੇ...।

•



## ਦੁਨੀਆਂ ਤੋਂ ਡਰ ਕੇ

ਦੁਨੀਆਂ ਤੋਂ ਡਰ ਕੇ ਜੀਅ ਲੈ ਇਹ ਕਹਿਰ ਹੀ ਕਹਿਰ ਹੈ,
ਨਾ ਇਸ਼ਕ ਮੂੰਹ ਨੂੰ ਲਾਵੀਂ ਇਹ ਜ਼ਹਿਰ ਹੀ ਜ਼ਹਿਰ ਹੈ।

ਕਰਕੇ ਪਿਆਰ ਵੇਖੀਂ ਬਦਨਾਮ ਹੋਣਾ ਪੈਣਾ,
ਪੱਲਿਆਂ 'ਚ ਹਾਰ ਬੱਝਣੀ ਨੀਲਾਮ ਹੋਣਾ ਪੈਣਾ,
ਕਿਸਮਤ ਦੇ ਪੰਨਿਆਂ ਤੇ ਬੱਸ ਗਹਿਰ ਹੀ ਗਹਿਰ ਹੈ।

ਇਹ ਕੀਹਦੇ ਵੱਸ ਦੀ ਗੱਲ ਹੈ ਜ਼ਖ਼ਮਾਂ ਨੂੰ ਕਲੀਆਂ ਬੋਲੇ,
ਸੂਲੀ 'ਤੇ ਚੜ੍ਹ ਕੇ ਹੱਸੇ, ਮਰ ਜਾਣ ਤੱਕ ਨਾ ਡੋਲੇ,
ਜ਼ਿੰਦਗੀ 'ਤੇ ਮਾਣ ਕਾਹਦਾ, ਇਕ ਲਹਿਰ ਹੀ ਲਹਿਰ ਹੈ।

ਛੱਡਦੇ ਤੂੰ ਭਲਿਆ ਲੋਕਾਂ, ਨਾਗਾਂ ਨੂੰ ਹਿੱਕ ਨਾਲ ਲਾਉਣਾ,
ਇਹਨਾਂ ਦਾ ਡੰਗਣਾਂ ਮਾੜਾ, ਇਹਨਾਂ ਨੂੰ ਮਾੜਾ ਚਾਹੁੰਣਾ,
ਮੁਕਣਾ ਨ੍ਹੀਂ ਰੋਣਾ ਤੇਰਾ ਹਰ ਪਹਿਰ ਹੀ ਪਹਿਰ ਹੈ।

ਕੀ ਲੈਣਾ ਸੜ੍ਹਦੇ ਬਲਦੇ ਅੰਗਿਆਰਿਆਂ 'ਤੇ ਤੁਰ ਕੇ,
ਬੀਤੇ 'ਤੇ ਮਿੱਟੀ ਪਾ ਦੇ ਵੇਖੀਂ ਨਾ ਪਿੱਛੇ ਮੁੜ ਕੇ,
'ਕੁਲਜੀਤ' ਵੈਰੀ ਹੋਣਾ ਪੂਰਾ ਸ਼ਹਿਰ ਹੀ ਸ਼ਹਿਰ ਹੈ।

ਦੁਨੀਆਂ ਤੋਂ ਡਰ ਕੇ ਜੀਅ ਲੈ ਇਹ ਕਹਿਰ ਹੀ ਕਹਿਰ ਹੈ,
ਨਾ ਇਸ਼ਕ ਮੂੰਹ ਨੂੰ ਲਾਵੀਂ ਇਹ ਜ਼ਹਿਰ ਹੀ ਜ਼ਹਿਰ ਹੈ।

•

## ਤੇਰੀ ਸਿਫਤ ਕਰਾਂ ਮੈਂ ਕੀ

ਤਰੀ ਸਿਫਤ ਕਰਾਂ ਮੈਂ ਕੀ ਗੋਬਿੰਦ ਸਿੰਘ ਸੋਹਣਿਆ,
ਕੋਈ ਹੋਰ ਤੇਰੇ ਜਿਹਾ ਨਹੀਂ ਗੋਬਿੰਦ ਸਿੰਘ ਸੋਹਣਿਆ।

ਇਹ ਕੱਚੀ ਉਮਰ ਤੇਰੀ ਮਾਂ ਦਿਆ ਲਾਡਲਿਆ,
ਧੰਨ ਜਿਗਰਾ ਤੇਰਾ ਵੇ ਮੌਤ ਨਾਲ ਖੇਡਦਿਆਂ,
ਹੱਥੀਂ ਬਾਪ ਤੋਰਿਆ ਈ, ਗੋਬਿੰਦ ਸਿੰਘ ਸੋਹਣਿਆ।

ਇਕ ਦਿਨ ਵਿਸਾਖੀ ਦਾ ਜੁੜਿਆ ਮੇਲਾ ਵੇ,
ਤੂੰ ਆਪੇ ਮੁਰਸ਼ਦ ਏ ਆਪੇ ਚੇਲਾ ਵੇ,
ਸ਼ੇਰਾ ਦੀ ਫੌਜ਼ ਤੇਰੀ ਗੋਬਿੰਦ ਸਿੰਘ ਸਹੋਣਿਆ।

ਪੁੱਤਰਾਂ ਦੀਆਂ ਬਲੀਆਂ ਨੂੰ ਤੂੰ ਹੱਸ-ਹੱਸ ਜ਼ਰਦਾਂ ਏ,
ਮਾਵਾਂ ਦੇ ਵਿਯੋਗ ਬੁਰੇ ਤੂੰ ਸੀ ਨਹੀਂ ਕਰਦਾ ਏਂ,
ਕਿੱਦਾਂ ਦਾ ਤੇਰਾ ਜੀਅ ਗੋਬਿੰਦ ਸਿੰਘ ਸੋਹਣਿਆ।

ਸਿੱਖ ਕੌਮ ਦੇ ਸਿਰ ਉੱਤੇ ਲੱਖ ਅਹਿਸਾਨ ਤੇਰੇ,
ਨਿੱਤ ਯਾਦ ਰਹਿਣਗੇ ਵੇ ਇਹ ਬਲੀਦਾਨ ਤੇਰੇ,
ਤੇਰੇ ਸਦਕੇ ਲੱਖ ਵਾਰੀਂ ਗੋਬਿੰਦ ਸਿੰਘ ਸੋਹਣਿਆ।
•



## ਚੋਰਾ ਵੇ ਚੋਰੀ ਚੋਰੀ

ਚੋਰਾ ਵੇ ਚੋਰੀ ਚੋਰੀ, ਫੜ ਲਈ ਅਸਾਂ ਤੇਰੀ ਚੋਰੀ,
ਸਾਨੂੰ ਛੱਡ ਕਿਸਦਾ ਬਣਿਆ, ਕੀਹਦੇ ਹੁਣ ਪਾਉਨਾ ਡੋਰੀ।

ਜੇ ਤੂੰ ਚਲਾਕ ਸੱਜਣਾ, ਆਪਾਂ ਤੇਰੇ ਤੋਂ ਵੀ ਵੱਧ ਕੇ,
ਅੱਖਾਂ ਵਿਚ ਘੱਟਾ ਪਾਉਨਾ, ਵਾਹ-ਵਾਹ ਤੇਰੇ ਤੋਂ ਸਦਕੇ,
ਏਦਾਂ ਨਹੀਓਂ ਚੱਲਣੀ ਚੰਨਾ ਸਾਡੇ ਨਾਲ ਹੇਰਾ ਫੇਰੀ।

ਕਿਹੜੀ ਸੀ ਪਟਿਆਂ ਵਾਲੀ, ਬੱਸ ਦੇ ਵਿੱਚ ਨਾਲ ਤੇਰੇ,
ਹਸ-ਹਸ ਉਹ ਘੜੀ-ਮੁੜੀ ਸੀ ਝੁਕਦੀ ਮੋਢੇ ’ਤੇ ਤੇਰੇ,
ਲੱਗਦੀ ਸੀ ਉੱਚੇ ਘਰ ਦੀ ਪੈਸੇ ਨਾਲ ਲੱਦੀ ਛੋਰੀ।

ਮੰਨਿਆ ਤੂੰ ਵੱਡਾ ਬੰਦਾ, ਵੱਡਿਆਂ ਨਾਲ ਮਿਲਣਾ-ਜੁਲਣਾ,
ਇੱਕ ਗੱਲ ਤੂੰ ਚੇਤੇ ਰੱਖੀਂ, ਸਾਡੇ ਜਿਹਾ ਪਿਆਰ ਨ੍ਹੀਂ ਜੁੜਨਾ,
ਬੇਸ਼ੱਕ ਗਰੀਬ ਸਹੀ ਪਰ, ਦਿਲ ਦੇ ਹਾਂ ਲੱਖ-ਕਰੋੜੀਂ।

ਜਿਉਂਦੇ ਹਾਂ ਤੱਕ-ਤੱਕ ਤੈਨੂੰ, ਤੇਰਾ ਨਹੀਂ ਛੱਡਣਾ ਪਿੱਛਾ,
ਰੱਖ ਲੈ ਜਾਂ ਮਾਰ ਅਸਾਂ ਨੂੰ, ਜਿੱਦਾਂ ਤੇਰੇ ਦਿਲ ਦੀ ਇੱਛਾ,
ਦੱਸ ਕੀ ‘ਕੁਲਜੀਤ’ ’ਚ ਘਾਟਾ, ਜੱਟੀ ਗੰਨੇ ਦੀ ਪੋਰੀ।
•

## ਤੇਰੇ ਬਿਨਾ ਦਿਨ ਤਿਉਹਾਰਾਂ ਦੇ

ਤੇਰੇ ਬਿਨਾ ਦਿਨ ਤਿਉਹਾਰਾਂ ਦੇ ਅਸਾਂ ਨੂੰ ਚੰਗੇ ਲਗਦੇ ਨਾ
ਬੱਸ ਇਕ ਦੀਦ ਦੇ ਭੁੱਖੇ ਤੇਰੇ ਤੋਂ ਕੁਝ ਹੋਰ ਮੰਗਦੇ ਨਾ।

ਤੇਰੀ ਇਕ ਲੋਹੜੀ ਦੇ ਸਦਕੇ,
ਮੈਂ ਆਪਾ ਵੰਡ ਦਿਆਂ ਸਾਰਾ,
ਤੇਰੇ ਬੋਲਾਂ 'ਚ ਮਿਹਣਾ ਹੈ,
ਹੈ ਲਗਦਾ ਜਾਨ ਤੋਂ ਪਿਆਰਾ,
ਦੇਵੇਂ ਤਾਹਨੇ ਤੇ ਝਿੜਕਾਂ,
ਦੀਵਾਨੇ ਸੁਨਣੋਂ ਸੰਗਦੇ ਨਾ।

ਤੂੰ ਹੋਲੀ ਖੇਡ ਲੈ ਰੱਜ ਕੇ,
ਲਹੂ ਇਹ ਮੇਰੇ ਦਿਲ ਦਾ ਹੈ,
ਪਿਆਰ ਮੇਰੇ ਜਿਹਾ ਜੱਗ 'ਤੇ,
ਬੜੀ ਕਿਸਮਤ ਨਾਲ ਮਿਲਦਾ ਹੈ,
ਭਰੇ ਦਰਿਆ ਮੁਹੱਬਤਾਂ ਦੇ,
ਕਦੇ ਵੀ ਪੁੱਠੇ ਵਗਦੇ ਨਾਂ।

ਰੱਬ ਕਰੇ ਰੋਜ਼ ਹੀ ਆਵੇ,
ਦੀਵਾਲੀ ਤੇਰੇ ਮਾਨਣ ਲਈ,
ਮੈਂ ਸਾਰੀ ਰਾਤ ਬਲ ਜਾਵਾਂ,
ਤੇਰੇ ਮਹਿਲਾਂ ਦੇ ਚਾਨਣ ਲਈ,
ਹਨ੍ਹੇਰ ਇਸ਼ਕ ਦੇ ਵਿਹੜੇ,
ਕਦੇ ਵੀ ਦੀਵੇ ਜਗਦੇ ਨਾ।

•



## ਸੱਤ ਸਮੁੰਦਰੋਂ ਪਾਰ ਗਿਆ

ਸੱਤ ਸਮੁੰਦਰੋਂ ਪਾਰ ਗਿਆ ਨੀਂ ਉਹ ਸੱਤ ਸਮੁੰਦਰੋਂ ਪਾਰ ਗਿਆ
ਸਾਨੂੰ ਛੱਡ ਕੇ ਅੱਧ ਵਿਚਕਾਰ ਗਿਆ ਨੀਂ ਉਹ ਸੱਤ ਸਮੁੰਦਰੋਂ ਪਾਰ ਗਿਆ

ਪਰਦੇਸੀ ਸੀ, ਪਰਦੇਸੀਆਂ ਨੇ ਇਕ ਦਿਨ ਤੁਰ ਜਾਣਾ ਹੁੰਦਾ ਏ
ਕੀ ਮਾਣ ਮਿੱਟੀ ਦੇ ਬਾਵਿਆਂ ਤੇ ਇਹਨਾ ਖ਼ੁਰ ਜਾਣਾ ਹੁੰਦਾ ਏ
ਮੈਨੂੰ ਬਿਰਹਾ ਸੂਲੀ ਚਾੜ ਗਿਆ ਨੀਂ ਉਹ ਸੱਤ ਸਮੁੰਦਰੋਂ ਪਾਰ ਗਿਆ

ਸਮੁੰਦਰੋਂ ਡੂੰਗਾ ਪਿਆਰ ਮੇਰਾ, ਕਿਸੇ ਹੋਰ ਕੋਲੋਂ ਕਰ ਹੋਣਾ ਨਾ
ਪੈ ਗਿਆ ਵਿਛੋੜਾ ਉਮਰਾਂ ਦਾ ਕੱਲੀ ਜਿੰਦ ਤੋਂ ਜਰ ਹੋਣਾ ਨਾ
ਹਾਰ ਗਿਆ, ਮੇਰਾ ਪਿਆਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ

ਦੁਨੀਆਂ ਦੇ ਤਾਹਨੇ ਮਿਹਣਿਆਂ ਨੂੰ ਹਸ ਹਸ ਕੇ ਜਰਨਾ ਔਖਾ ਏ
ਇਸ ਪਿਆਰ ਵਿਹੂਣੀ ਜਿੰਦਗੀ ਤੋਂ ਬਿਨ ਸੱਜਣਾ ਮਰਨਾ ਸੋਖਾ ਏ
ਜਿਉਂਦੀ ਹੀ ਕੁਲਜੀਤ ਨੂੰ ਮਾਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ

ਸੱਤ ਸਮੁੰਦਰੋਂ ਪਾਰ ਗਿਆ ਨੀਂ ਉਹ ਸੱਤ ਸਮੁੰਦਰੋਂ ਪਾਰ ਗਿਆ
ਸਾਨੂੰ ਛੱਡ ਕੇ ਅੱਧ ਵਿਚਕਾਰ ਗਿਆ ਨੀਂ ਉਹ ਸੱਤ ਸਮੁੰਦਰੋਂ ਪਾਰ ਗਿਆ

•

## ਇਕ ਸ਼ੀਸ਼ੀ ਨਸ਼ੇ ਦੀ ਮਾਹੀ ਮੇਰਾ

ਇਕ ਸ਼ੀਸ਼ੀ ਨਸ਼ੇ ਦੀ ਮਾਹੀ ਮੇਰਾ, ਜੀ ਕਰਦਾ ਗਟ ਗਟ ਪੀ ਲਵਾਂ
ਥੋੜਾ ਜਿਹਾ ਮੈਂ ਮਰ ਜਾਵਾਂ ਮੈਂ, ਥੋੜੀ ਥੋੜੀ ਜੀ ਲਵਾਂ

ਤੇਰੇ ਨਸ਼ੇ ਵਿੱਚ ਚੂਰ ਰਹਾਂ, ਕੋਈ ਮੇਰੇ ਜਿਹਾ ਸ਼ਰਾਬੀ ਨਾ
ਓਨਾ ਚਿਰ ਜ਼ਿੰਦਗੀ ਜਚਦੀ ਨਹੀਂ ਜੇ ਪਿਆਰ ਕਰੇ ਬਰਬਾਦੀ ਨਾ
ਤੂੰ ਮਿਲਿਆ ਮੈਨੂੰ ਸਭ ਕੁਝ ਮਿਲਿਆ, ਹੁਣ ਉਸ ਰੱਬ ਤੋਂ ਕੀ ਲਵਾਂ

ਆਪਣੇ ਆਪ ਦੀ ਸੁਰਤ ਰਹੇ ਨਾ, ਭੁੱਲ ਜਾਏ ਕੁੱਲ ਜ਼ਮਾਨਾ
ਜੱਗ ਤੇ ਉਂਜ ਬਦਨਾਮ ਬੜਾ ਹੈ ਤੇਰਾ ਤੇ ਮੇਰਾ ਯਾਰਾਨਾ
ਦਿਲ ਦੇ ਟੋਟੇ ਜੁੜਦੇ ਨਹੀਂ ਜਿਹੜੇ ਇਕ ਇਕ ਕਰਕੇ ਸੀ ਲਵਾਂ

ਮਾਹੀ ਦੇ ਹਥੁ ਵਿਚ ਹੋਵੇ ਪਿਆਲਾ, ਜ਼ਹਿਰ ਹੋਵੇ ਜਾਂ ਦਾਰੂ
ਖ਼ੁਸ਼ ਹੋ ਕੇ ਮਰ ਜਾਵਾਂ ਜੇ ਪਿਆਰ ਹੀ ਮੇਰਾ ਮੈਨੂੰ ਸੂਲੀ ਚਾੜ੍ਹੂ
ਤੇਰੀ ਪੂਜਾ ਰੱਬ ਦੀ ਪੂਜਾ ਇਸ ਤੋਂ ਵਧ ਕੇ ਕੀ ਕਹਾਂ

ਇਕ ਸ਼ੀਸ਼ੀ ਨਸ਼ੇ ਦੀ ਮਾਹੀ ਮੇਰਾ, ਜੀ ਕਰਦਾ ਗਟ ਗਟ ਪੀ ਲਵਾਂ
ਥੋੜਾ ਜਿਹਾ ਮੈਂ ਮਰ ਜਾਵਾਂ ਮੈਂ, ਥੋੜੀ ਥੋੜੀ ਜੀ ਲਵਾਂ।

•



## ਪਰਦੇਸੀਆ

ਪਰਦੇਸੀਆ, ਪਰਦੇਸੀਆ, ਪਰਦੇਸੀਆ ਵੇ ਪਰਦੇਸੀਆ
ਹੋਰ ਸਤਾ, ਹੋਰ ਸਤਾ, ਹੋਰ ਸਤਾ, ਵੇ ਮੈਨੂੰ ਹੋਰ ਸਤਾ,

ਮਜਬੂਰ ਹਾਂ, ਮੈਂ ਚੂਰ ਹਾਂ, ਕੋਈ ਬਿਰਹਾ ਦੀ ਹੀ ਮਾਰ ਹਾਂ,
ਉਸ ਪਾਰ ਤੂੰ ਦਰਿਆਵਾਂ ਦੇ, ਮੈਂ ਤੜਫਦੀ ਇਸ ਪਾਰ ਹਾਂ
ਵੈਰੀਆ, ਵੈਰੀਆ, ਵੈਰੀਆ ਵੇ ਸੁਣ ਵੈਰੀਆ
ਨਾ ਹੋਰ ਰੁਆ, ਹੋਰ ਰੁਆ, ਹੋਰ ਰੁਆ, ਨਾ ਹੋਰ ਰੁਆ

ਜੋ ਲਿਖਣਾ ਸੀ ਮੈਂ ਚਿਠੀਆਂ ਵਿਚ, ਮੈਥੋਂ ਨਹੀਂ ਲਿਖ ਹੁੰਦਾ ਵੇ
ਜੋ ਜੋ ਦਸਣਾ ਸੀ ਬਸ ਤੈਨੂੰ ਹੀ, ਮੈਥੋਂ ਨਹੀਂ ਦੱਸ ਹੁੰਦਾ ਵੇ
ਹਾਰੀ ਆਂ, ਹਾਰੀ ਆਂ, ਹਾਰੀ ਆਂ, ਵੇ ਮੈਂ ਹਾਰੀ ਆਂ
ਕੀ ਕਰਾਂ, ਕੀ ਕਰਾਂ, ਕੀ ਕਰਾਂ, ਵੇ ਦੱਸ ਕੀ ਕਰਾਂ?

ਹੁਣ ਹੋ ਗਿਆ ਤੂੰ ਗੈਰਾਂ ਦਾ ਤੇ ਗੈਰ ਤੇਰੇ ਬਣ ਗਏ
ਜਾਗਾਂ ਮੈਂ ਰਾਤਾਂ ਰੋਜ਼ ਵੇ, ਨੀਂਦਾਂ ਤੇ ਸੁਪਨੇ ਖੋ ਗਏ
ਦੁਖ ਦੇਣਿਆਂ, ਭੁੱਲ ਜਾਣਿਆਂ, ਦੁਖ ਦੇਣਿਆਂ, ਵੇ ਭੁੱਲ ਜਾਣਿਆਂ
ਸਦਾ ਤੇਰੀ ਹੀ, ਬਸ ਤੇਰੀ ਹੀ ਕੁਲਜੀਤ ਹਾਂ, ਮੈਂ ਕੁਲਜੀਤ ਹਾਂ

ਪਰਦੇਸੀਆ, ਪਰਦੇਸੀਆ, ਪਰਦੇਸੀਆ ਵੇ ਪਰਦੇਸੀਆ
ਹੋਰ ਸਤਾ, ਹੋਰ ਸਤਾ, ਹੋਰ ਸਤਾ, ਵੇ ਮੈਨੂੰ ਹੋਰ ਸਤਾ।

•

## ਇੱਕ ਰੋਗ ਲੱਗਾ ਮੈਨੂੰ

ਇੱਕ ਰੋਗ ਲੱਗਾ ਮੈਨੂੰ ਜਿਸਦੀ ਦਵਾ ਨਾ ਕੋਈ
ਮੈਂ ਲਾਸ਼ ਚਲਦੀ ਫਿਰਦੀ ਮੈਂ ਜਿਓਂਦੀ ਹਾਂ ਨਾ ਮੋਈ

ਮੇਰੇ ਤਾਂ ਹੋਠਾਂ ਉੱਤੇ ਨਿੱਤ ਪੀੜ ਦੀ ਹੀ ਗਲ ਹੈ
ਸਜਣਾ! ਮੈਂ ਬੈਠੀ ਸਖਣੀ, ਦਿਲ ਜਾਨ ਤੇਰੇ ਵੱਲ ਹੈ
ਕੋਈ ਰਾਤ ਨਹੀ ਹੈ ਸੁੱਕੀ ਜਿਸ ਰਾਤ ਨਾ ਮੈਂ ਰੋਈ

ਯਾਦਾਂ ਜੋ ਗਿਰਜਾਂ ਬਣਕੇ, ਨਹੁੰਆਂ ਤੋਂ ਮਾਸ ਨੋਚਣ
ਅੱਖਾਂ ਦੋ ਨਦੀਆਂ ਬਣੀਆਂ, ਜੋ ਦੀਦ ਤੇਰਾ ਲੋਚਣ
ਜਿਸਨੂੰ ਹੀ ਲੱਗੀ ਸੱਟ ਹੈ, ਇਹਦਾ ਦਰਦ ਜਾਣੇ ਸੋਈ

ਰੁਲ ਗਈ ਹੈ ਜ਼ਿੰਦਗੀ ਮੇਰੀ ਕੱਖਾਂ ਤੋਂ ਹੋਉਲੀ ਹੋ ਕੇ
ਘਰ ਫੂਕ ਕੇ ਤਮਾਸ਼ਾ ਮੈਂ ਖ਼ੁਦ ਵੇਖਿਆ ਖਲੋ ਕੇ
ਭਾਂਬੜ ਬਿਗਾਨੇ ਤਨ ਦੇ ਕਿਦਾਂ ਬੁਝਾਵੇ ਕੋਈ

ਬਦਨਾਮ ਹੈ ਬਹੁਤ ਇਹ, 'ਕੁਲਜੀਤ' ਜਿਸਨੂੰ ਕਹਿੰਦੇ
ਤਾਹਨੇ ਤੇ ਮਿਹਣੇ ਜੱਗ ਦੇ ਮੇਰੇ ਨਾਲ ਨਾਲ ਰਹਿੰਦੇ
ਬੜੀ ਇਸ਼ਕ ਦੇ ਸ਼ਹਿਰ ਵਿਚ ਇੱਜ਼ਤ ਨੀਲਾਮ ਹੋਈ

ਇੱਕ ਰੋਗ ਲੱਗਾ ਮੈਨੂੰ ਜਿਸਦੀ ਦਵਾ ਨਾ ਕੋਈ
ਮੈਂ ਲਾਸ਼ ਚਲਦੀ ਫਿਰਦੀ ਮੈਂ ਜਿਓਂਦੀ ਹਾਂ ਨਾ ਮੋਈ।

•



## ਇਸ਼ਕ ਤੇਰੇ ਦੀ ਸਰਦਾਰੀ

ਇਸ਼ਕ ਤੇਰੇ ਦੀ ਸਰਦਾਰੀ ਵੇ ਸੱਜਣਾ,
ਇਸ਼ਕ ਤੇਰੇ ਦੀ ਸਰਦਾਰੀ
ਸਾਨੂੰ ਲੱਗ ਗਈ ਇਸ਼ਕ ਬਿਮਾਰੀ ਵੇ ਸੱਜਣਾ
ਲੱਗ ਗਈ ਇਸ਼ਕ ਬਿਮਾਰੀ ਵੇ ਸੱਜਣਾ

ਜੀ ਕਰਦਾ ਫੱਕਰ ਬਣ ਜਾਵਾਂ, ਯੋਗੀਆ ਕਪੜੇ ਪਾ ਕੇ
ਤੇਰੇ ਨਾਮ ਦੀ ਪੂਜਾ ਕਰੀਏ, ਜੰਗਲਾਂ ਦੇ ਵਿਚ ਜਾ ਕੇ
ਇਕ ਤੂੰ ਹੀ ਤੂੰ ਏ ਚੇਤਿਆਂ ਵਿਚ ਸਾਥੋਂ ਨਾ ਵਿਛੜੀਂ ਨਾ ਮਾਰੀਂ

ਖਾਣਾ ਭੁੱਲਿਆ, ਪੀਣਾ ਭੁੱਲਿਆ, ਭੁੱਲ ਗਿਆ ਸੋਣਾ ਰਾਤਾਂ ਨੂੰ
ਸੋਹਣਿਆ ਸੱਜਣਾ ਪਿਆਰ ਤੇਰੇ ਦਾ ਚੜ੍ਹਿਆ ਨਸ਼ਾ ਪ੍ਰਭਾਤਾਂ ਨੂੰ
ਏਸ ਇਸ਼ਕ ਨੇ ਕਦੇ ਨਾ ਛੁਪਣਾ, ਭੰਡਣਾ ਗਲੀਂ ਬਜ਼ਾਰੀਂ

ਆਸ਼ਿਕ ਦੇ ਸਿਰ ਪਹਰਾ ਹੁੰਦਾ, ਨਿੱਤ ਨੰਗੀਆਂ ਤਲਵਾਰਾਂ ਦਾ
ਪਰ ਸਾਡੇ ਦਿਲ ਵਿਚ ਡਰ ਨਾ ਕੋਈ, ਪਿਆਰ ਦੇ ਠੇਕੇਦਾਰਾਂ ਦਾ
ਇਹ ਦਿਲ ਵੀ ਚੰਦਰਾ ਜਾਣ ਜਾਣ ਕੇ ਖਾਂਦਾ ਸੱਟ ਕਰਾਰੀ

ਜਿਸ ਨੂੰ ਹਨ ਲੱਗੀਆਂ ਓਹੀ ਜਾਣੇ, ਕਾਉਣ ਜਾਣੇ ਪੀੜ ਪਰਾਈ ਨੂੰ
ਲਗਿਆ ਤੇਰਾ ਹਿਜਰ ਹੈ ਡਾਹਢਾ ਇਸ ਨਜ਼ਰ ਤਿਰਹਾਈ ਨੂੰ
ਤਰਸ ਕਰ, ਕੁਲਜੀਤ ਨਾ ਮੁੱਕ ਜਾਏ, ਨਾ ਵਿਛੜੀਂ ਨਾ ਮਾਰੀਂ।

•

## ਤੇਰੀ ਪੱਗ ਦੀ ਫਿਫਟੀ ਬਣ ਜਾਵਾਂ

ਮੈਨੂੰ ਰੀਝਾਂ ਨਾਲ ਸਜਾ ਸੱਜਣਾ ਮੈਂ ਤੇਰੀ ਪੱਗ ਦੀ ਫਿਫਟੀ ਬਣ ਜਾਵਾਂ
ਨਜ਼ਰ ਨਾ ਤੈਨੂੰ ਲੱਗ ਜਾਵੇ ਤੇਰੇ ਮੁਖੜੇ ਅੱਗੇ ਤਣ ਜਾਵਾਂ

ਜਦ ਸ਼ੀਸ਼ੇ ਅੱਗੇ ਖੜ ਵੇ ਤੂੰ ਪੱਗ ਦੇ ਪੇਚ ਬਣਾਓਨਾ ਏ
ਸੁਧ ਬੁਧ ਮੇਰੀ ਖੋ ਜਾਂਦੀ ਐਸੀ ਦਿਲ ਨੂੰ ਖਿਚ ਜਿਹੀ ਪਾਓਨਾ ਏਂ
ਮੈਂ ਵਾਰੀ ਤੇਰੀ ਸਰਦਾਰੀ ਤੇ, ਤੇਰੇ ਸਿਰ ਤੇ ਸਭ ਕੁਝ ਝੱਲ ਜਾਵਾਂ

ਸਹੁੰ ਰੱਬ ਦੀ ਵੇ ਰੱਬ ਤੋਂ ਪਹਿਲਾਂ ਮੈਂ ਨਾਂ ਤੇਰਾ ਹੀ ਲੈਂਦੀ ਹਾਂ,
ਸਰਦ ਮਹੀਨੇ ਪਹਲੇ ਪਹਿਰ ਦਾ ਸੂਰਜ ਤੈਨੂੰ ਕਹਿੰਦੀ ਹਾਂ
ਜੀ ਕਰਦਾ ਮੁੰਡਿਆ ਮਹਿਕ ਬਣ ਕੇ ਤੇਰੇ ਸਾਹਾਂ ਦੇ ਵਿਚ ਰਲ ਜਾਵਾਂ

ਰਾਹਾਂ ਦੀ ਬਣੀ ਰੌਣਿਕ ਤੇਰੀ ਜੁੱਤੀ ਤਿੱਲੇ ਵਾਲੀ ਵੇ
ਮੇਰੀ ਸੋਕਨ ਮੈਨੂੰ ਲਗਦੀ ਏ ਤੇਰੇ ਗਲ ਵਿਚ ਗਾਨੀ ਕਾਲੀ ਵੇ
ਸਦਾ ਹਿੱਕ ਨਾਲ ਲਾ ਕੇ ਰਖ ਅੜਿਆ ਮੈਂ ਵਿਚ ਤਵੀਤ ਦੇ ਮੜ ਜਾਵਾਂ

ਮੈਂ ਅਣਖੀਲੀ ਜੱਟੀ ਵੇ ਤੂੰ ਸੁਣ ਵੱਡਿਆ ਸ਼ੋਕੀਨਾ ,
ਤੇਰੇ ਲਈ ਲੜ ਲੂੰ ਦੁਨੀਆਂ ਨਾਲ, ਤਾਣ ਕੇ ਆਖਾਂ ਸੀਨਾ
ਹਿਜਰਾਂ ਦੀ ਅੱਗ ਵਿਚ 'ਕੁਲਜੀਤ ਗ਼ਜ਼ਲ' ਮੈਂ ਸਾਰੀ ਦੀ ਸਾਰੀ ਬਲ ਜਾਵਾਂ
•



## ਮੇਰੀ ਰੇਸ਼ਮੀ ਚੁੰਨੀ ਦਾ ਪੱਲਾ

ਮੇਰੀ ਰੇਸ਼ਮੀ ਚੁੰਨੀ ਦਾ ਪੱਲਾ ਉੱਡ ਕੇ ਨੀ ਸੱਜਣਾ ਦਾ ਮੂੰਹ ਚੁੰਮਦਾ
ਬਿਨ ਹਵਾ ਤੋਂ ਹੀ ਅੱਜੀਂ ਪੱਜੀਂ ਉਡਦਾ ਨੀ ਉਹਦੀ ਖੁਸ਼ਬੂ ਸੁੰਗਦਾ

ਗੱਲਾਂ ਦਿਲ ਦੀਆਂ ਬੁੱਲਿਆਂ ਤੇ ਆਉਂਦੀਆਂ ਨਾ ਉਹ ਜਦੋਂ ਮੇਰੇ ਸਾਹਮਣੇ ਹੋਵੇ
ਧੁਰ ਸੀਨੇ ਵਿੱਚ ਦੱਬੀਆਂ ਮੁਹੱਬਤਾਂ ਦਾ ਸਾਥੋਂ ਇਜ਼ਹਾਰ ਨਾ ਹੋਵੇ
ਬਾਤਾਂ ਪਾ ਪਾ ਇਹ ਸੱਜਣਾ ਦੇ ਨਾਮ ਦੀਆਂ ਜਾਣ-ਜਾਣ ਸਾਨੂੰ ਟੁੰਮਦਾ

ਮੇਰੇ ਦਿਲ ਵਿਚ ਉਹਦੇ ਹੀ ਖਿਆਲ ਨੇ ਮੈਂ ਨਿੱਤ ਉਹਨੂੰ ਯਾਦ ਕਰਦੀ
ਅੱਖਾਂ ਰਹਿਣ ਉਹਦੇ ਰਾਹਾਂ ਵਿਚ ਵਿਛੀਆਂ ਮੈਂ ਜਾਨ ਉਹਦੇ ਉਤੋਂ ਵਾਰਦੀ
ਨੀਂਦ ਆਉਂਦੀ ਨਹੀ ਅਧੀ ਅਧੀ ਰਾਤ ਨੂੰ ਵੀ ਅੱਖਾਂ ਅੱਗੇ ਉਹ ਘੁੰਮਦਾ

ਉਹਦੇ ਬੁੱਲਾਂ ਚੋਂ ਗੁਲਾਬੀ ਫੁੱਲ ਕਿਰਦੇ ਤੇ ਨੈਣਾਂ ਚੋਂ ਸ਼ਰਾਬ ਡੁੱਲਦੀ
ਅੱਜ ਗੋਰ ਨਾਲ ਜਦੋਂ ਉਹਨੂੰ ਤੱਕਿਆ ਮੈਂ ਜਾਵਾਂ ਸਾਰੇ ਰਾਹ ਭੁੱਲਦੀ
ਵੇਖ ਬੁੱਲੀਆਂ ਤੇ ਨਿੱਕੇ ਨਿੱਕੇ ਹਾਸਿਆਂ ਨੂੰ ਜਾਵੇ ਮੇਰਾ ਹੋਸ਼ ਗੁੰਮਦਾ

ਨਹੀ ਰੀਸਾਂ ਉਸ ਪੰਜਾਬ ਦੇ ਸ਼ੋਕੀਨ ਦੀਆਂ, ਗੁੱਟ ਤੇ ਰੁਮਾਲ ਬੰਨਦਾ
ਚੰਨ ਅੰਬਰਾਂ ਦਾ ਕਰੇ ਨਾ ਮੁਕਾਬਲਾ ਨੀ ਕੁੜੀਓ ਇਹ ਸੋਹਣੇ ਚੰਨ ਦਾ
ਉਹਦੇ ਨਾਲ ਹੀ ਨਜ਼ਾਰੇ ਸੋਹਣੇ ਲੱਗਦੇ ਤੇ ਵੇਖ ਉਹਨੂੰ ਦਿਲ ਝੂਮਦਾ

ਜੋ ਮੈਂ ਚਿਰਾਂ ਤੋਂ ਕਹ ਸਕੀ ਨਾ ਦਿਲ ਦੀਆਂ ਦੁਪੱਟੇ ਅੱਜ ਕਹਿ ਛੱਡੀਆਂ
ਜੇ ਉਹ ਕਰ ਲਏ ਕਬੂਲ ਕੰਨੀ ਸੁਣੀਆਂ, ਸੁਵਰਗਾਂ ਨੂੰ ਜਾਣ ਹੱਡੀਆਂ
ਜੀ ਕਰਦਾ ਉਹਦੇ ਤੋਂ ਦਿਲ ਵਾਰਦਾਂ ਇਹ ਬਿਨਾ ਓਹਦੇ ਕਿਸ ਕੰਮ ਦਾ।
•

## ਚੰਨ ਬੱਦਲਾਂ 'ਚ ਛੁਪਦਾ ਮੈਂ ਆਪ ਵੇਖਿਆ

ਚੰਨ ਬੱਦਲਾਂ 'ਚ ਛੁਪਦਾ ਮੈਂ ਆਪ ਵੇਖਿਆ
ਇੱਕ ਅਜੂਬਾ ਮੈਂ ਪੁੰਨਿਆਂ ਦੀ ਰਾਤ ਵੇਖਿਆ

ਮੈਨੂੰ ਜਾਪਦੇ ਸੀ ਜੁਗਨੂੰ ਵੀ ਹੱਸਦੇ ਪਏ
ਉਹਦੇ ਬਾਰੇ ਸੀ ਕੁਝ ਮੈਨੂੰ ਦਸਦੇ ਪਏ
ਲੁਕਣਮੀਟੀਆਂ ਉਹ ਖੇਡਦਾ ਸੀ ਅੰਬਰਾਂ ਦੇ ਵਿਚ
ਉਹਨੂੰ ਲਭਣ ਚਕੋਰਾਂ ਮੈਂ ਕਈ ਵਾਰ ਵੇਖਿਆ

ਅਸੀਂ ਹੱਸਦੇ ਰਹੇ ਬੁੱਲਿਆਂ 'ਚ ਗੁਝੇ ਗੁਝੇ ਹਾਸੇ
ਨਾਲ ਚਾਨਣੀ ਦੇ ਖਿੜੀ ਸੀ ਬਹਾਰ ਚਾਰੇ ਪਾਸੇ
ਵਿਚ ਬੱਦਲਾਂ ਦੇ ਕਿੱਦਾਂ ਓਹਨੂੰ ਗੋਉਰ ਨਾਲ ਵੇਖਾਂ
ਖੋਉਰੇ ਚੰਨ ਵਿੱਚ ਆਪਾਂ ਦਿਲਦਾਰ ਵੇਖਿਆ

ਇਹਨਾ ਗੀਤਾਂ ਵਿਚ ਸੁੰਨੇ ਸੁੰਨੇ ਅਖਰਾਂ ਦਾ ਰੋਣਾ
ਓਹਨੇ ਲੰਘ ਜਾਣਾ ਪਰ ਸਾਡੇ ਵਿਹੜੇ ਨਹੀਂ ਆਉਣਾ
ਟਿਮਟਿਮਾਉਂਦੇ ਜੋ ਲਗਦੇ ਸੀ ਪਿਆਰੇ ਬੜੇ
ਇਹਨਾ ਤਾਰਿਆਂ ਨੂੰ ਦਿੰਦਿਆਂ ਸਰਾਪ ਵੇਖਿਆ

ਸਾਡੇ ਨੈਣਾਂ ਵਿਚੋਂ ਉੱਜੜੀ ਹੈ ਮਸਤ ਜਿਹੀ ਝਾਕ
ਨਿੱਤ ਸੱਜਰੀ ਸਵੇਰ ਸਾਨੂੰ ਕਰਦੀ ਮਜ਼ਾਕ
ਤੇਰੇ ਦਰਸ ਤਾਂ ਮਹਿੰਗੇ ਨੇ ਜ਼ਿੰਦਗੀ ਦੇ ਨਾਲੋਂ
ਨਿੱਤ ਕਰਦੇ ਨਜ਼ਾਰਿਆਂ ਨੂੰ ਮੈਂ ਪਾਪ ਵੇਖਿਆ

ਉਹਨੂੰ ਕਾਲੀ ਰਾਤ ਦੇ ਹਨੇਰੇ ਵਿਚ ਭਾਲਦੀ ਫਿਰਾਂ
ਵਿੱਚ ਲਾਰਿਆਂ ਦੇ ਨੀਂਦਰਾਂ ਨੂੰ ਟਾਲਦੀ ਫਿਰਾਂ
ਸਾਡੇ ਵਿਹੜੇ ਵਿਚ ਨਾ ਲਾਇਆ ਕਦੇ ਚਾਨਣਾ ਨੇ ਗੇੜਾ
ਇਹ ਤਾਂ ਗ਼ਜ਼ਲ ਦਿਆਂ ਨੈਣਾ ਨੇ ਸੀ ਖਾਬ ਵੇਖਿਆ
•



## ਉਹਦਾ ਜ਼ਿਕਰ ਨਾ ਛੇੜੋ

ਰੱਬ ਦੇ ਵਾਸਤੇ ਨੀਂ ਕੁੜੀਓ ਉਹਦਾ ਜ਼ਿਕਰ ਨਾ ਛੇੜੋ
ਮੇਰੀਆਂ ਰੋ ਰੋ ਥੱਕੀਆਂ ਅੱਖੀਆਂ ਦੇ ਫਿਰ ਖੂਹ ਨਾ ਗੇੜੋ

ਜਾਂਦਾ ਏ ਤੇ ਜਾਵੇ ਆਪਾਂ ਜੀਣਾ ਏ
ਜ਼ਹਿਰ ਜਿਹੀ ਜ਼ਿੰਦਗੀ ਨੂੰ ਹੱਸ ਕੇ ਪੀਣਾ ਏ
ਲਿਖੀਆਂ ਵਿੱਚ ਨਸੀਬਾਂ ਨਿੱਤ ਉਡੀਕਾਂ ਨੇ
ਤੁਸੀਂ ਹਰ ਦਮ ਉਹਦੇ ਔਣ ਦੀਆਂ ਗੱਲਾਂ ਨਾ ਸਾਹੇੜੋ
ਰੱਬ ਦੇ ਵਾਸਤੇ ਨੀਂ ਕੁੜੀਓ ਓਹਦਾ ਜ਼ਿਕਰ ਨਾ ਛੇੜੋ

ਬਾਤਾਂ ਵਫ਼ਾ ਪਿਆਰ ਦੀਆਂ ਉਹਨੂੰ ਰਾਸ ਨਾ ਆਈਆਂ
ਵੱਸਦੇ ਦਿਲਾਂ ਵਿੱਚ ਕੱਲਰੀਆਂ ਉਹਨੇ ਆਪੇ ਪਾਈਆਂ
ਅਸੀਂ ਛਡ ਕੇ ਉਸਦੀਆਂ ਯਾਦਾਂ ਨੂੰ ਘੁੱਟ ਸਬਰ ਦਾ ਪੀਤਾ
ਇਸ ਸਿਦਕ ਦੇ ਪਲਦੇ ਬੂਟੇ ਨੂੰ ਮੁਢੋਂ ਨਾ ਉਖੇੜੋ

ਅਸਾਂ ਬੜਾ ਹੀ ਰੋਲਿਆ ਅੱਲੜ ਜਿਹੀ ਜਵਾਨੀ ਨੂੰ
ਲਿਖ ਲਹੂ ਨਾ ਚਿਠੀਆਂ ਪਾਈਆਂ ਦਿਲ ਦੇ ਜਾਨੀ ਨੂੰ
ਮਿਠ੍ਹਾ ਜਾਮ ਸਮਝ ਕੇ ਪੀਤਾ ਦਿਲ ਦੇ ਦਰਦਾਂ ਨੂੰ
ਹਾਏ ਨੀ! ਅੱਲੇ ਜਖਮਾਂ 'ਤੇ ਹੁਣ ਨਮਕ ਨਾ ਕੇਰੋ

ਕਿੱਸੇ ਲਿਖੇ ਨੇ ਵਿਚ੍ਹ ਕਿਤਾਬਾਂ ਦੇ ਮੁਦਤਾਂ ਪੁਰਾਣੇ
ਮਤਲਬ ਕੀ ਹੈ ਮੋਹ ਪਿਆਰ ਦਾ ਇਥੇ ਕੋਈ ਨਾ ਜਾਣੇ
ਬੜੀਆਂ ਨਾਜ਼ੁਕ ਸਹੀਓ ਨੀ ਇਸ ਦਿਲ ਦੀਆਂ ਕੰਧਾਂ
ਹੁਣ ਹੰਭੇ ਹਾਰੇ ਬੇਵੱਸ ਦੀ ਚਮੜੀ ਨਾ ਉਧੇੜੋ

ਜੀ ਨਹੀਂ ਕਰਦਾ ਮੁਆਫ਼ ਕਰਾਂ ਮੈਂ ਇਸ ਝੱਲੇ ਦਿਲ ਨੂੰ
ਮਨ ਚਾਹੇ ਕੋਈ ਸਜ਼ਾ ਦੇਵੇ ਉਹਦੇ ਪੱਥਰ ਦਿਲ ਨੂੰ
ਪਰ ਉਹ ਤਾਂ ਭਾਈ ਅਮੀਰਾਂ ਦਾ ਕੋਈ ਵੱਸ ਨਹੀਂ ਚੱਲਦਾ
ਹੱਥ ਜੋੜ ਜੋੜ 'ਕੁਲਜੀਤ' ਕਹੇ ਇਹ ਗੱਲ ਨਬੇੜੋ।
•

## ਸਾਉਣ

ਲੋਕੀਂ ਨਚ ਨਚ ਪਏ ਨੇ ਮਨੋਉਂਦੇ ਚੰਨਾ ਸਾਉਣ
ਅੱਖਾਂ ਸਾਡੀਆਂ ਨੇ ਹੰਝੂਆਂ ਦੀ ਲਾਈ ਝੜੀ ਏ
ਕਿੰਝ ਰੋਕ ਲਵਾਂ ਟੁੱਟਣੋ ਮੈਂ ਦਿਲ ਵਾਲਾ ਸ਼ੀਸ਼ਾ
ਇਸ ਦਿਲ ਵਿੱਚ ਤੇਰੀ ਤਸਵੀਰ ਜੜੀ ਏ

ਦੱਸ ਅਸੀਂ ਕਿਹੜੀ ਰੁੱਤ ਦਾ ਵੇ ਜਸ਼ਨ ਮਨਾਈਏ
ਤੂੰ ਤਾਂ ਦੂਰ ਵੱਸਦਾ ਏ, ਦੁੱਖ ਕਿਸ ਨੂੰ ਸੁਨਾਈਏ
ਤੂੰ ਸਾਡੇ ਬੁੱਲਾਂ ਵਾਲੀ ਰੋਣਕ ਵੀ ਨਾਲ ਖੜੀ ਏ

ਸਾਡੇ ਵਿਹੜੇ ਵਿਚ ਬੂਟੇ ਸੀ ਜੋ ਫੁੱਲਾਂ ਨਾ ਪਰੁੱਚੇ
ਗਏ ਝੜ ਤੇਰੇ ਪਿਛੋਂ ਸਾਨੂੰ ਦੇ ਗਏ ਵਿਗੋਚੇ
ਤੂੰ ਸਾਡੇ ਬੁੱਲਾਂ ਵਾਲੀ ਰੌਉਣਕ ਵੀ ਨਾਲ ਖੜੀ ਏ

ਮਨ ਦੁੱਖ ਦੱਸ ਤਾਰਿਆਂ ਨੂੰ ਕਢਦਾ ਭੜਾਸ
ਹੁਣ ਭੈੜੇ ਬੱਦਲਾਂ ਨੇ ਮੱਲਿਆ ਆਕਾਸ਼
ਨਾਲੇ ਕੱਜਲ਼ ਜਿਹੀ ਕਾਲੀ ਵੇ ਘਟਾ ਚੜੀ ਏ

ਸਾਨੂੰ ਝਾਂਜਰ ਇਹ ਗਿਧੇ ਵਿਚ ਨਚਣ ਨੂੰ ਆਖੇ
ਝੁਰਮੁਟ ਚੂੜੀਆਂ ਦਾ ਅੱਗ ਵਾਂਗੂੰ ਮਚਣ ਨੂੰ ਆਖੇ
ਸਾਡੀ ਅਲੜ ਜਵਾਨੀ ਨੇ ਵੀ ਜ਼ਿਦ ਫੜੀ ਏ

ਸਾਨੂੰ ਦੱਸ ਜਾਂਦੇ ਸਜਣ ਜੀ ਕਿਹੜੇ ਮਹੀਨੇ ਆਉਣਾ
ਅਸੀਂ ਲੱਡੂ ਵੰਡ ਸ਼ਗਨਾਂ ਦੇ ਉਹ ਦਿਨ ਏ ਮਨੋਉਣਾ
ਪਈ ਉਡੀਕਦੀ ਗ਼ਜ਼ਲ ਬੂਹੇ ਦੇ ਵਿੱਚ ਖੜੀ ਏ।
•



## ਕੋਈ ਦੱਸ ਦੇਵੇ ਸਿਰਨਾਵਾਂ

ਸਾਡੇ ਚਿਰਾਂ ਤੋਂ ਵਿਛੜੇ ਸੱਜਣਾ ਦਾ ਕੋਈ ਦੱਸ ਦੇਵੇ ਸਿਰਨਾਵਾਂ
ਇਸਦੇ ਬਦਲੇ ਜਾਨ ਵੀ ਹਾਜ਼ਿਰ ਹੱਸ ਕੇ ਨਾ ਕਰ ਜਾਵਾਂ

ਮੱਥੇ ਉੱਤੇ ਤਿਲ ਹੈ ਕਾਲਾ ਮੁੱਖ ਭਾਅ ਮਾਰੇ ਗੁਲਾਬੀ
ਚਿਹਰਾ ਗੁਲਾਬੀ ਦੁਧੋ ਚਿੱਟਾ ਦੋਵੇਂ ਹੀ ਨੈਣ ਸ਼ਰਾਬੀ
ਬੈਠਾ ਹੋਣਾ ਮਿੱਤਰਾਂ ਦੇ ਵਿੱਚ ਜਾਂ ਫਿਰ ਨਾਲ ਭਰਾਵਾਂ

ਇੱਕ ਤਾਰਿਆਂ ਵਾਲੀ ਮਹਿਫਿਲ ਦੇ ਵਿੱਚ ਚੰਨ ਵਾਂਗਰ ਉਹ ਜੱਚਦਾ
ਤਾੜੀ ਮਾਰ ਕੇ ਹੱਥਾਂ ਦੀ ਉਹ ਦੂਹਰਾ ਹੋ ਹੋ ਹੱਸਦਾ
ਉਹਦੇ ਨਾਲ ਨਾਲ ਹੀ ਚਲਦਾ ਹੋਣਾ ਇੱਕ ਮੇਰੇ ਜਿਹਾ ਪਰਛਾਵਾਂ

ਉਹਦਾ ਸਿਖਰ ਚੜੇ ਹੋਏ ਸੂਰਜ ਵਰਗਾ ਮੂੰਹ ਨਹੀਂ ਤੱਕਿਆ ਜਾਣਾ
ਉਹਦੇ ਬੋਲਾਂ ਵਰਗਾ ਮਿਠੜਾ ਸੁਰ ਨਹੀਂ ਕੁੱਲ ਦੁਨੀਆਂ ਵਿੱਚ ਹੋਣਾ
ਜੇ ਓਹ ਮਿਲ ਜਾਏ, ਜਾਣ ਨਾ ਦੇਵਾਂ ਰੱਬ ਦਾ ਸ਼ੁਕਰ ਮਨਾਵਾਂ

ਉਹਦੇ ਵਰਗਾ ਲਾ ਪਰਵਾਹ ਕੋਈ ਹੋਰ ਨਹੀ ਜੱਗ ਤੇ ਹੋਣਾ
ਆਪਾਂ ਭਾਵੇਂ ਕਤਲ ਹੋ ਜਾਈਏ ਉਹਦੀ ਅੱਖ ਰੋਣਾ
ਉਸਦੇ ਪਥਰ ਦਿਲ ਦੇ ਵਾਂਗੂੰ ਪਥਰ ਨਾ ਬਣ ਜਾਵਾਂ।
•

## ਉਮਰ ਕੈਦ

ਤੇਰੀਆਂ ਬਾਹਾਂ ਦੇ ਕਲਾਵੇ ਵਿੱਚ ਸੋਹਣਿਆ ਮੈਨੂੰ ਉਮਰ ਕੈਦ ਹੋ ਜਾਵੇ
ਰਹੀਏ ਤੂੰ ਤੇ ਮੈਂ ਦੋਂਵੇ ਜਾਗਦੇ, ਬਾਕੀ ਦੁਨੀਆਂ ਸਾਰੀ ਇਹ ਸੌਂ ਜਾਵੇ

ਏਹੋ ਮੰਗਦੀ ਦੁਆ ਮੈਂ ਸੱਚੇ ਰੱਬ ਤੋਂ
ਬਾਹਾਂ ਤੇਰੀਆਂ 'ਚ ਜਾਨ ਮੇਰੀ ਨਿੱਕਲੇ
ਤੂੰ ਏ ਜ਼ਿੰਦਗੀ 'ਚ ਰੱਬ ਵਾਂਗੂੰ ਬਹੁੜਿਆ
ਦੁੱਖ ਜਾਣ ਨਾ ਇਹ ਡਾਹਡੇ ਮੈਥੋਂ ਸੰਭਲੇ
ਨਹੀਂ ਜ਼ਿੰਦਗੀ ਕਬੂਲ ਤੈਥੋਂ ਵੱਖ ਹੋ
ਨਬਜ਼ ਤੇਰੀਆਂ ਬਾਹਾਂ 'ਚ ਹੀ ਖਲੋ ਜਾਵੇ

ਮੱਲ ਅੱਖੀਆਂ 'ਚ ਸੁਰਮੇ ਦੀ ਥਾਂ ਵੇ
ਜਾਂ ਤਵੀਤ ਬਣ ਗਲ 'ਚ ਸਜਾ ਲਵਾਂ
ਮੇਰੇ ਬਣ ਜਾਹ ਤੂੰ ਹੱਥਾਂ ਦੀ ਲਕੀਰ ਵੇ
ਤੈਨੂੰ ਕੁੰਡਲੀ ਨਸੀਬਾਂ ਦੀ ਬਣਾ ਲਵਾਂ
ਤੇਰੇ ਤੋਂ ਨਹੀਂ ਰਹਣਾ ਅਸੀਂ ਦੂਰ ਵੇ
ਭਾਵੇਂ ਜੱਗ ਸਾਰਾ ਦਾ ਸਾਰਾ ਹੀ ਖੋ ਜਾਵੇ

ਤੇਰੀ ਬੁੱਕਲ 'ਚ ਸੁੱਖ ਸਾਰੇ ਜੱਗ ਦੇ
ਮੈਂ ਤਾਂ ਦੁਨੀਆਂ ਤੋਂ ਵਧ ਖ਼ੁਸ਼ੀ ਮਾਣਦੀ
ਤੇਰੇ ਨੈਣਾਂ ਵਿੱਚ ਮੱਸਿਆ ਤੇ ਪੁੰਨਿਆ
ਵੇ ਮੈਂ ਹੋਰ ਨੀਂ ਦੁਆਰਿਆਂ ਨੂੰ ਜਾਣਦੀ
ਮੇਰੀ ਤੇਰੇ ਨਾਲ ਦਿਨੇ ਰਾਤੀਂ ਰੋਸ਼ਨੀ
ਭਾਂਵੇ ਚੰਨ ਸੂਰਜ ਅਸਤ ਹੋ ਜਾਵੇ



ਤੇਰੇ ਮੱਥੇ ਉੱਤੇ ਕਾਲਾ ਜਿਹਾ ਤਿਲ ਏ
ਮੈਨੂੰ ਤੇਰੇ ਵੱਲ ਖਿਚ ਖਿਚ ਰੱਖਦਾ
ਭੈੜਾ ਤੇਰੇ ਤੋਂ ਵੀ ਵੱਧ ਹੈ ਸ਼ਰਾਰਤੀ
ਨਿੱਤ ਛੇੜਦਾ ਰਤਾ ਵੀ ਨਹੀਂਓ ਸੰਗਦਾ
ਰਹਾਂ ਸਦਾ ਹੀ ਨਜਾਰਿਆਂ ਨੂੰ ਮਾਣਦੀ
ਭਾਂਵੇ ਆਪਣਾ ਆਪ ਖੋ ਜਾਵੇ।

•

## ਮਾਲਟਾ ਕਿਸ਼ਤੀ ਕਾਂਡ 96 ਨੂੰ ਸਮਿਰਿਪਤ

ਨਹੀਂ ਚੁੱਕੀ ਜਾਂਦੀ ਬੁਢੇ ਬਾਪ ਤੋਂ ਪੁੱਤਰਾ ਅਰਥੀ ਤੇਰੀ ਵੇ
ਇਹ ਕੀ ਪੈ ਗਈ ਅਚਨਚੇਤ ਸਾਨੂੰ ਘੁੰਮਣ ਘੇਰੀ ਵੇ

ਲਾਠੀ ਟੁੱਟ ਗਈ ਬੁਢਿਆਂ ਹੱਥਾਂ ਦੀ
ਰੱਬਾ ਇਹ ਕੀ ਜ਼ੁਲਮ ਕਮਾਇਆ
ਫੁੱਲ ਵਾਂਗੂੰ ਖਿੜੀ ਜਵਾਨੀਂ ਨੂੰ
ਮੌਤ ਦੇ ਮੂੰਹ ਵਿੱਚ ਪਾਇਆ
ਰੱਬ ਦੀ ਕਾਨੀ ਨੇ ਲਿਖ ਦਿੱਤੀ
ਕਿਸਮਤ ਮਾੜੀ ਤੇਰੀ ਵੇ

ਜਿੰਨਾ ਬੋਝ ਪੁੱਤਰ ਦੀ ਅਰਥੀ ਦਾ
ਓਨਾ ਹੋਰ ਭਾਰ ਨਾ ਕੋਈ
ਤੇਰੀ ਆਈ ਮੈਨੂੰ ਲਗਦੀ
ਇਹ ਕੀ ਅਨਹੋਣੀ ਹੋਈ
ਕਿਸ ਵੈਰੀ ਖੁਸ਼ੀਆਂ ਖੋ ਲਾਈਆਂ
ਜਿੰਦ ਹੋ ਗਈ ਘੁੱਪ ਹਨੇਰੀ ਵੇ

ਸੁੱਖਾਂ ਸੁੱਖ ਸੁੱਖ ਮੰਗਿਆ ਸੀ ਤੈਨੂੰ
ਖ਼ੂਨ ਪਿਆ ਕੇ ਪਾਲਿਆ
ਤੈਨੂੰ ਜੱਗ ਦੀਆਂ ਖੁਸ਼ੀਆਂ ਦੇਵਣ ਲਈ
ਅਸੀਂ ਕਰਜ਼ਾ ਵੀ ਸਿਰ ਉਠਾ ਲਿਆ
ਕਈ ਮਨ ਵਿੱਚ ਮਹਿਲ ਉਸਾਰੇ ਸੀ
ਅੱਜ ਹੋ ਗਏ ਢੇਰੀ ਵੇ



ਅੱਜ ਲੱਗੀ ਹੈ ਰੌਣਿਕ ਹੰਝੂਆਂ ਦੀ
ਨੈਣਾਂ ਦੇ ਵਿੱਚ ਭਾਰੀ
ਸਾਰੀ ਹੀ ਭਿੱਜੀ ਹੰਝੂਆਂ ਨਾਲ
ਬਾਪੂ ਦੀ ਚਿੱਟੀ ਦਾਹੜੀ
ਕਰਦਾ ਹੈ ਰੱਬ ਗਰੀਬਾਂ ਨਾਲ
ਕਯੋਂ ਹੇਰਾ ਫੇਰੀ ਵੇ

ਭੈਣ ਦਾ ਕੱਲਾ ਵੀਰ ਖੋਹ ਗਿਆ
ਅਤੇ ਮਾਂ ਨਿਪੁੱਤੀ ਹੋਈ
ਕਿੱਦਾਂ ਦੱਸ ਹੁਣ ਕੱਟੂ ਬੁਢਾਪਾ
ਨਹੀਂ ਹੋਰ ਸਹਾਰਾ ਕੋਈ
ਇਹ ਕਲਮ 'ਗ਼ਜ਼ਲ' ਦੀ ਲਿਖਦੀ ਲਿਖਦੀ
ਜਾਵੇ ਹੰਝੂ ਕੇਰੀ ਵੇ।

•

## ਕੀਤਾ ਉਜਾਲਾ ਜੱਗ ਵਿੱਚ

ਕੀਤਾ ਉਜਾਲਾ ਜੱਗ ਵਿੱਚ ਤ੍ਰਿਪਤਾ ਦੇ ਜਾਏ ਨੇ
ਖੁਸ਼ੀਆਂ ਦੇ ਚਾਨਣ ਸਾਰੀ ਧਰਤੀ ਤੇ ਛਾਏ ਨੇ

ਭਟਕੇ ਨੂੰ ਪੰਧ ਵਿਖਾ ਕੇ, ਸਤਿਆਂ ਨੂੰ ਗਲ ਨਾਲ ਲਾਇਆ
ਜੁਲਮਾਂ ਨੂੰ ਜੜੋਂ ਮੁਕਾ ਕੇ, ਜਾਲਿਮ ਨੂੰ ਰਸਤੇ ਪਾਇਆ
ਦੁਨੀਆਂ ਤੇ ਨਾਨਕ ਚੰਨ ਨੇ ਕਈ ਜੌਹਰ ਵਿਖਾਏ ਨੇ

ਮੰਨ ਕੇ ਉਹਨੇ ਰੱਬ ਦਾ ਭਾਣਾ, ਭੁਖਿਆਂ ਨੂੰ ਵੰਡ ਛਕਾਇਆ
ਚਾਨਣ ਦਾ ਮਾਰਗ ਦਸ ਕੇ ਜੱਗ ਕੋਲੋਂ ਰੱਬ ਜਪਾਇਆ
ਹੁਣ ਤਾਂ ਖੁਸ਼ੀਆਂ ਦੇ ਬੱਦਲ ਸਿਰ ਤੇ ਮੰਡਰਾਏ ਨੇ

ਮਿਟ ਗਏ ਸਭ ਝਗੜੇ ਜੱਗ ਤੇ, ਨਸਲਾਂ ਤੇ ਜਾਤਾਂ ਦੇ
ਕੀਤੇ ਉਹਨੇ ਦੂਰ ਹਨੇਰੇ ਕਾਲੀਆਂ ਸ਼ਾਹ ਰਾਤਾਂ ਦੇ
ਸਚ ਦੇ ਪਸਾਰੇ ਨੇ ਸਭ ਕੂੜ ਮਾਰ ਮੁਕਾਏ ਨੇ

ਦਸਿਆ ਏ ਭੇਦ ਉਸਨੇ ਇੱਕੋ ਹੀ ਜੋਤ ਦਾ
ਸਭਨਾ ਤੇ ਛਤਰ ਝੂਲਦਾ ਉਸਦੀ ਦੀ ਹੀ ਓਟ ਦਾ
ਬਣ ਕੇ ਚੰਨ ਸੂਰਜ ਉਸਨੇ ਚੁਫੇਰੇ ਰੁਸ਼ਨਾਏ ਨੇ

ਪਾਂਧੇ ਨੂੰ ਸੋਚ ਵਿੱਚ ਉਸਦੇ ਵਿਚਾਰਾਂ ਨੇ
ਭਾਗੋ ਜਿਹਿਆਂ ਪੈ ਗੁਰ ਚਰਨੀਂ ਮੰਨੀਆਂ ਸਭ ਹਾਰਾਂ ਨੇ
ਲਿਖ ਲਿਖ ਕੁਲਜੀਤ ਜਿਹਿਆਂ ਨੇ, ਗੁਣ ਨਾਨਕ ਦੇ ਗਾਏ ਨੇ।
•



## ਫੇਰ ਘੱਲ ਕੋਈ ਮਸੀਹਾ

ਫੇਰ ਘੱਲ ਕੋਈ ਮਸੀਹਾ ਇਸ ਜੱਗ ਵਿੱਚ ਰੱਬਾ
ਐਥੇ ਜੁਲਮਾਂ ਤੇ ਪਾਪਾਂ ਫੇਰ ਲਾ ਲਏ ਨੇ ਡੇਰੇ

ਅੱਜ ਫੇਰ ਬਦਨਾਮ ਨਾਰੀ ਥਾਂ ਥਾਂ ਤੇ ਹੁੰਦੀ
ਉਹ ਕੀਤੇ ਅਹਸਾਨਾਂ ਦਾ ਨਹੀਂ ਜੇ ਮੁੱਲ ਪਾਉਂਦੀ
ਅੱਜ ਵੀ ਇਹ ਦੁਰਕਾਰੀ ਜਾਵੇ ਚਾਰ ਚੁਫੇਰੇ

ਐਥੇ ਮੁੱਲ ਕੋਈ ਨਹੀਓਂ ਪੱਗ ਮਾੜਿਆਂ ਗਰੀਬਾਂ ਦੀ ਦਾ
ਹੱਕ ਖੋ ਲੈਂਦਾ ਏ ਪਰਾਇਆ ਇਥੇ ਜੋਰ ਚੱਲੇ ਜੀਹਦਾ
ਸ਼ਰੇਆਮ ਹੀ ਜ਼ਾਲਿਮ ਜ਼ੁਲਮ ਪਾਪ ਕਰਦੇ ਬਥੇਰੇ

ਚਾਰੇ ਪਾਸੇ ਬੇਵਾਫਾਈਆਂ, ਵਫ਼ਾ ਕਦਰ ਨਾ ਪਾਵੇ
ਇਨਸਾਫ਼ ਵੀ ਨਹੀਂ ਇਥੇ, ਸਜਾ ਬੇਗੁਨਾਹ ਹੀ ਪਾਵੇ
ਰੱਬਾ! ਕੰਢਿਆਂ ਹੀ ਮੱਲੀ ਏ ਕਿਆਰੀ ਤੇਰੇ ਵਿਹੜੇ

ਹੁਣ ਜਿਸਮਾਂ ’ਚ ਦੌੜਦਾ ਏ ਖ਼ੂਨ ਦੀ ਥਾਂ ਪਾਣੀ
ਬਦਨਾਮ ਹੋ ਗਈ ਏ ਤੇਰੀ ਬਖਸ਼ੀ ਜੂਨ ਨਿਮਾਣੀ
ਲੋਕੀਂ ਵੱਟੇ ਪਾ ਪਾ ਡੋਬਣ ਇੱਕ ਦੂਸਰੇ ਦੇ ਬੇੜੇ

ਇਥੇ ਸੋਹਣਿਆ ਤੋਂ ਸੋਹਣੇ ਦਾ ਵੀ ਦਿਲ ਬੜਾ ਮੈਲਾ
ਕਾਮ, ਕ੍ਰੋਧ, ਲੋਭ, ਮੋਹ, ਝੂਠ ਦਾ ਹੈ ਬੋਲਬਾਲਾ
ਕਲਮ ‘ਗ਼ਜ਼ਲ’ ਦੀ ਪਈ ਦੇਵੇ ਤੈਨੂੰ ਦਰਦ ਸੁਨੇਹੜੇ।
•

## ਵੇ ਏਦਾਂ ਨਹੀਓਂ ਰੱਬ ਮਿਲਦਾ

ਵੇ ਏਦਾਂ ਨਹੀਓਂ ਰੱਬ ਮਿਲਦਾ,
ਛੁਪ ਛੁਪ ਕੇ ਤੂੰ ਪਾਪ ਕਮਾਉਨਾ
ਦੂਜਿਆਂ ਦੇ ਸੁੱਖ ਹੰਢਾਉਨਾ
ਵੇ ਏਦਾਂ ਨਹੀਓਂ ਰੱਬ ਮਿਲਦਾ

ਕਰ ਨੇਕੀਆਂ ਤੇ ਸਦਾ ਸਚ ਬੋਲ ਵੇ
ਇਹ ਮਨੁੱਖਾ ਜਨਮ ਅਨਮੋਲ ਏ
ਕਾਹਨੂੰ ਝੂਠ ਦੇ ਸਹਾਰੇ ਜਿੰਦ ਜਿਉਨਾਂ

ਕੂੜੇ ਮਨ ਉੱਤੇ ਰੱਖਨਾਂ ਏਂ ਪਰਦਾ
ਮੂੰਹੋਂ ਵਾਹਿਗੁਰੂ ਵਾਹਿਗੁਰੂ ਏਂ ਕਰਦਾਂ
ਅਤੇ ਪੱਲੇ ਹੇਠਾਂ ਛੁਰੀਆਂ ਛੁਪਾਉਨਾਂ

ਕਾਹਨੂੰ ਲੁੱਟਿਆਂ ਨੂੰ ਵੇਖ ਵੇਖ ਹੱਸਦਾ ਏਂ
ਭਲਾ ਮਾਨਸ ਤੂੰ ਖੁਦ ਨੂੰ ਦੱਸਦਾ ਏਂ
ਐਂਵੇ ਸਚਚ ਤੋਂ ਕਿਓਂ ਨਜਰਾਂ ਛੁਪਾਉਨਾਂ

ਉਸ ਰੱਬ ਦੀ ਖੁਦਾਈ ਨੂੰ ਤੂੰ ਜਾਣ ਵੇ
ਜਰਾ ਅੰਦਰ ਦੀ ਆਤਮਾ ਪਛਾਣ ਵੇ
ਵੇਖ ਚੱਪੇ ਚੱਪੇ ਤੇ ਤੂੰ ਪਾਪ ਕਮਾਉਨਾ

ਐਥੇ ਚਾਹੁੰਦਾ ਏਂ ਤੂੰ ਹਰ ਚੀਜ ਮੱਲਣੀ
ਉਹਦੀ ਦਰਗਾਹੇ ਇੱਕ ਨਹੀਓਂ ਚੱਲਣੀ
ਕਿਓਂ ਨੀਵਿਆਂ ਤੇ ਧਾਂਕ ਜਮਾਉਨਾ
•



## ਸਾਡੀ ਸੁਣੀਂ ਫਰਿਆਦ ਗਰੀਬਾਂ ਦੀ

ਅੰਗ ਸੰਗ ਰਹਿਣ ਵਾਲਿਆ ਸਾਡੀ ਸੁਣੀਂ ਫਰਿਆਦ ਗਰੀਬਾਂ ਦੀ
ਇਹ ਤੈਨੂੰ ਅਰਜ਼ ਹੈ ਤੇਰਿਆਂ ਮੁਰੀਦਾਂ ਦੀ

ਮਨ ਸਾਡਾ ਭਟਕ ਰਿਹਾ, ਤੇ ਅਸੀਂ ਭੁੱਲਣਹਾਰੇ
ਤੂੰ ਬਖਸ਼ ਲਵੀਂ ਵੇ ਸਾਨੂੰ ਬਖਸ਼ਣਹਾਰੇ
ਹੱਥ ਡੋਰ ਤੇਰੇ ਸਾਡੀ ਹੈ ਗਰੀਬਾਂ ਦੀ

ਅਸੀਂ ਮੰਗਤੇ ਖੜੇ ਤੇਰੇ ਬੂਹੇ, ਤੂੰ ਸਾਡੀ ਖਾਲੀ ਝੋਲੀ ਭਰਦੇ
ਦਿਲੋਂ ਚਾਹੀਆਂ ਮੁਰਾਦਾਂ ਤੈਥੋਂ ਪਾਈਏ, ਹਰ ਆਸ ਪੂਰੀ ਕਰਦੇ
ਹੱਥ ਜੋੜ ਅਰਦਾਸ ਹੈ ਮੁਰੀਦਾਂ ਦੀ

ਸਾਨੂੰ ਹੱਥ ਦੇ ਬਚਾਵੀਂ, ਤੇ ਸਦਾ ਚਰਨਾਂ 'ਚ ਰੱਖ
ਦੇ ਆਪਣੇ ਨਾਮ ਦੀ ਖੈਰਾਤ ਸਾਡੇ ਪੱਲੇ ਨਹੀਓਂ ਕੱਖ
ਤੂੰ ਹੀ ਦਵਾ ਦਾਰੂ ਤੇਰਿਆਂ ਮਰੀਜਾਂ ਦੀ

ਸੁਣੀਂ ਸਾਡਿਆ ਮਸੀਹਾ, ਸਾਡੀ ਬੇੜੀ ਦੇ ਮਲਾਹਾ
ਤੇਰਾ ਨਾਮ ਲੈ ਕੇ ਸਦਾ ਖੜੀ ਕਲਮ ਹਿਲਾਵਾਂ
ਕਦੇ ਡੋਬੀ ਨਾ ਮੇਰੇ ਜਿਹੇ ਬਦਨਸੀਬਾ ਨੂੰ।
•

## ਉਹਦੇ ਉੱਤੇ ਸੁੱਟ ਲੈ ਡੋਰੀਆਂ

ਉਹਦੇ ਉੱਤੇ ਸੁੱਟ ਲੈ ਡੋਰੀਆਂ ਉਹ ਕੱਖਾਂ ਤੋਂ ਲੱਖ ਕਰਦਾ
ਕਦੇ ਵੀ ਸੱਖਣਾ ਮੋੜੇ ਨਾ ਉਹ ਖ਼ਾਲੀ ਭਾਂਡੇ ਭਰਦਾ

ਜੇ ਉਹ ਚਾਹਵੇ ਪਲ ਵਿੱਚ ਹੀ ਪੱਥਰਾਂ ਨੂੰ ਮੋਮ ਬਣਾਵੇ
ਬਿਨ ਧੜਕਨ ਤੋਂ ਰੱਖ ਲੈਂਦਾ, ਉਹ ਕਈ ਕਈ ਰੰਗ ਵਿਖਾਵੇ
ਪੱਲਾ ਫੜਕੇ ਹੀ ਉਸ ਸਾਈਂ ਦਾ ਹਰ ਇਕ ਬੰਦਾ ਤਰਦਾ

ਉਸਦੇ ਹੀ ਇਸ਼ਾਰਿਆਂ ਉੱਤੇ ਨੱਚਦੀ ਕੁਦਰਤ ਸਾਰੀ
ਸਭ ਦੇ ਧੜਕਦਿਆਂ ਦਿਲਾਂ ਦੇ ਉੱਤੇ ਉਸਦੀ ਹੀ ਸਰਦਾਰੀ
ਉਹ ਦਿਲ ਦੀਆਂ ਸਭ ਹੀ ਜਾਣ ਲਵੇ, ਉਹਦੇ ਤੋਂ ਨਹੀਂ ਹੁੰਦਾ ਪਰਦਾ

ਉਹ ਚਾਹੇ ਨਦੀਆਂ ਰੁੱਕ ਜਾਵਣ, ਬਦਲਣ ਦਿਸ਼ਾ ਹਵਾਵਾਂ
ਉਸਦਾ ਹੁਕਮ ਹੀ ਮੰਨ ਕੇ ਬਦਲਣ ਸੂਰਜ ਚੰਨ ਦਿਸ਼ਾਵਾਂ
ਹੱਥ ਦੇ ਕੇ ਉਹ ਆਪ ਬਚਾਵੇ, ਸਭਨਾਂ ਦੇ ਢਿਡ ਭਰਦਾ

ਰਜ਼ਾ ਉਸਦੀ ਵਿੱਚ ਪੱਤਣ ਹਿੱਲਦੇ ਕਲੀਆਂ ਤੋਂ ਫੁੱਲ ਖਿੜਦੇ
ਇੱਕੋ ਹੀ ਸਾਰੇ ਜੱਗ ਦਾ ਵਾਰਿਸ, ਵੱਸਦਾ ਉਹ ਚੌਗਿਰਦੇ
ਮੰਗ ਲਓ ਜੋ ਵੀ ਮੰਗਣਾ ਸਭ ਨੇ, ਉਹ ਖ਼ਾਲੀ ਝੋਲੀਆਂ ਭਰਦਾ

ਕੋਈ ਨਾ ਜਾਣੇ ਰਮਜਾਂ ਉਸਦੀਆਂ ਮੰਨ ਮਿੱਠਾ ਉਸਦਾ ਭਾਣਾ
ਚਾਰ ਦਿਨਾਂ ਦਾ ਜੀਣਾ ਐਥੇ, ਹਰ ਇੱਕ ਨੇ ਤੁਰ ਜਾਣਾ
ਪਲ ਪਲ ਉਸਦਾ ਨਾਮ ਜੱਪੀ ਜਾਹ, ਬਿਨ ਜੱਪਿਆਂ ਨਹੀਓਂ ਸਰਦਾ
•



## ਅੱਖੀਆਂ 'ਚ ਹੰਝੂ ਵਗਦੇ

ਅੱਖੀਆਂ 'ਚ ਹੰਝੂ ਵਗਦੇ
ਜਿੰਵੇਂ ਵੈਹਿੰਦੀਆਂ ਨਦੀਆਂ ਵੇ
ਹਾਏ ਰੋਕਿਆਂ ਵੀ ਨਹੀਂ ਰੁੱਕਦੇ
ਅੱਖਾਂ ਰੋ ਰੋ ਕੇ ਹੰਭੀਆਂ ਵੇ

ਹਾਏ ਸਿਰ ਤੇ ਜਟਾਵਾਂ ਬਝੀਆਂ
ਹਾਏ ਸਿਰ ਤੇ ਜਟਾਵਾਂ ਬਝੀਆਂ
ਅਸੀਂ ਭੁੱਲ ਗਏ ਕੰਘੀਆਂ ਵੇ

ਵੇ ਤਨ ਉੱਤੇ ਛਾਲੇ ਪੈ ਗਏ
ਵੇ ਤਨ ਉੱਤੇ ਛਾਲੇ ਪੈ ਗਏ
ਰਾਤਾਂ ਬੈਹ ਬੈਹ ਕੇ ਲੰਘੀਆਂ ਵੇ

ਦਿਲ ਦੇ ਜਖਮਾਂ 'ਚ ਖ਼ੂਨ ਡੁੱਲਦਾ
ਦਿਲ ਦੇ ਜਖਮਾਂ 'ਚ ਖ਼ੂਨ ਡੁੱਲਦਾ
ਰਾਹਾਂ ਜਿੰਦ ਦੀਆਂ ਲੰਬੀਆਂ ਵੇ

ਤੇਰੇ ਰੇਤਲੇ ਇਲਾਕੇ ਮਾਰਦੇ
ਸਾਨੂੰ ਰੇਤਲੇ ਇਲਾਕੇ ਮਾਰਦੇ
ਉੱਤੋਂ ਧੁੱਪਾਂ ਪੈਣ ਮੰਦੀਆਂ ਵੇ

ਤੈਨੂੰ ਭਾਲਦਿਆਂ ਨਹੀਓਂ ਥੱਕਣਾ
ਤੈਨੂੰ ਭਾਲਦਿਆਂ ਨਹੀਓਂ ਹੰਬਣਾ
ਭਾਂਵੇ ਲੱਗ ਜਾਣ ਸਦੀਆਂ ਵੇ
•

## ਸੁਣ ਨੀਂ ਕਾਲੀ ਰਾਤ ਸਹੇਲੀਏ

ਸੁਣ ਨੀਂ ਕਾਲੀ ਰਾਤ ਸਹੇਲੀਏ, ਦੋ ਪਲ ਹੋਰ ਤਾਂ ਠਹਿਰ
ਦੱਸ ਅੜੀਏ ਨੀਂ ਸਾਡੇ ਇਸ਼ਕ ਨਾਲ ਤੇਰਾ ਕਾਹਦਾ ਵੈਰ

ਮੁੱਦਤਾਂ ਪਿੱਛੋਂ ਹੋਏ ਨੀਂ ਅੱਜ ਸੱਜਣਾ ਦੇ ਨਾਲ ਮੇਲੇ
ਕਿਉਂ ਜਾਲਮ ਨੇੜੇ ਆਈ ਜਾਂਦੇ ਤੜਕਸਾਰ ਦੇ ਵੇਲੇ
ਜੇ ਹੋ ਜਾਊ ਮੇਰਾ ਰਾਂਝਾ ਰਾਜ਼ੀ, ਤਾਂ ਕਿਹੜਾ ਟੁੱਟ ਜਾਊ ਕਹਿਰ

ਕਿਉਂ ਸਾਥੋਂ ਬੇਮੁੱਖ ਹੋਈ ਜਾਵੇਂ ਅੱਜ ਨਹੀਂ ਸਾਥ ਨਿਭਾਉਂਦੀ
ਪੈਹਿਲਾਂ ਰਹੀ ਸਾਡੇ ਕੱਲਿਆਂ ਲਈ ਤੂੰ ਬਣ ਕੇ ਵਡੇਰੀ ਆਉਂਦੀ
ਕਿਹੜੀ ਤੈਨੂੰ ਕਾਹਲੀ ਨੀਂ ਕਿਓਂ ਪੁੱਟੀ ਜਾਨੀਏਂ ਪੈਰ

ਬੁੱਕਲ ਵਿੱਚ ਲੈ ਲੈ ਅਸਾਂ ਨੂੰ ਤੂੰ ਰਤਾ ਖਿਲਾਰ ਕੇ ਬਾਂਹਾਂ
ਕਿਤੇ ਕਿਸੇ ਦੀ ਨਜ਼ਰ ਨਾ ਪੈ ਜਾਏ ਲੁਕਾ ਲੈ ਸਾਡਾ ਪਰਛਾਵਾਂ
ਮੁਢ ਤੋਂ ਹੀ ਹੈ ਦੁਨੀਆਂ ਦਾ ਇਸ ਇਸ਼ਕ ਨਾਲ ਡਾਹਢਾ ਵੈਰ

ਅੱਖੀਆਂ ਉਸਦਾ ਮੁੱਖ ਗੁਲਾਬੀ, ਅਜੇ ਨਹੀਓਂ ਤੱਕਦੀਆਂ ਰੱਜੀਆਂ
ਹੋ ਲੈਣ ਦੇ ਨੀਂ ਪੂਰੀਆਂ ਆਸਾਂ, ਜੋ ਰੱਖੀਆਂ ਦਿਲ ਵਿੱਚ ਕੱਜੀਆਂ
ਰਖੀਂ ਮਾਣ, ਨਾ ਤੋੜ ਦਿਲਾਂ ਨੂੰ, ਅੱਡ ਝੋਲੀ ਮੰਗਾਂ ਖੈਰ

ਮਜ਼ਾ ਕਿਸੇ ਦੇ ਡੂੰਘੇ ਨੈਣਾਂ ਦਾ ਤੂੰ ਨਹੀਂ ਮਾਣਿਆਂ ਲਗਦਾ
ਇਹ ਪਿਆਰ ਮੁਹੱਬਤ ਦੀਆਂ ਬਾਤਾਂ, ਤੂੰ ਕੁਝ ਨਹੀਂ ਜਾਣਿਆ ਲਗਦਾ
ਇਹ ਮਿਲਣੀ ਲਾਟ-ਪਤੰਗੇ ਦੀ, ਤੈਨੂੰ ਯਾਦ ਆਊ ਹਰ ਪਹਿਰ।

•